ਮੁੱਲ 7/-ਰੁ:

ਸੰਤ ਨਿਰੰਕਾਰੀ

ਸਾਲ 62 • ਅੰਕ 8 ਅਗਸਤ 2009



ਸੰਤ ਨਿਰੰਕਾਰੀ ਮਿਸ਼ਨ ਰਾਹੀਂ ਚਲਾਏ ਜਾ ਰਹੇ ਸਕੂਲਾਂ ਦੇ ਅਧਿਆਪਕ ਦਿੱਲੀ ਵਿਖੇ ਸਤਿਗੁਰੂ ਬਾਬਾ ਜੀ ਅਤੇ ਮਾਤਰੀ-ਸ਼ਕਤੀਆਂ ਤੋਂ ਅਸ਼ੀਰਵਾਦ ਲੈਂਦੇ ਹੋਏ

ਅਮਰਾਵਤੀ (ਮਹਾਂਰਾਸ਼ਟਰ) ਵਿਖੇ ਹੋਏ ਬਾਲ ਸਮਾਗਮ ਦਾ ਮਨਮੋਹਕ ਦ੍ਰਿਸ਼

ਮੁਜੱਫ਼ਰਨਗਰ (ਉ.ਪ੍ਰ.) ਵਿਖੇ ਸੰਤ ਨਿਰੰਕਾਰੀ ਮਿਸ਼ਨ ਰਾਹੀਂ ਲਗਾਈ ਗਈ ਪ੍ਰਦਰਸ਼ਨੀ ਵੇਖਦੇ ਹੋਏ ਵਿਸ਼ੇਸ਼ ਮਹਿਮਾਨ ਅਤੇ ਪ੍ਰਬੰਧਕਗਣ

ਸੰਤ ਨਿਰੰਕਾਰੀ

(ਅਧਿਆਤਮ ਵਿਸ਼ੇਸ਼ਾਂਕ)

(ਦੇਸ਼ ਅਤੇ ਵਿਸ਼ਵ ਦੀਆਂ ਬਾਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ)

ਜਿਲਦ 62 | ਅਗਸਤ 2009 | ਪੇਜ 40 | ਅੰਕ 8

ਸਥਾਈ

ਸੰਪਾਦਕੀ	ਸੁਲੇਖ 'ਸਾਥੀ'	2
ਸਤਿਗੁਰੂ ਪ੍ਰਵਚਨ	ਸਤਿਗੁਰੂ ਬਾਬਾ ਜੀ	17-24

ਲੇਖ

ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਦੇ ਅਨਮੋਲ ਬਚਨ	ਸੁਰਜੀਤ ਸਿੰਘ	3
ਅਧਿਆਤਮ ਨਾਲ ਹੀ ਆਤਮਿਕ ਸੰਭਾਲ	ਨਰਿੰਜਨ ਸਿੰਘ 'ਨਰਿੰਜਨ'	7
ਅਧਿਆਤਮਿਕ ਗੁਣ - ਇਕ ਵਰਦਾਨ	ਐਸ.ਆਰ. 'ਭੱਟੀ'	9
ਅਧਿਆਤਮ ਸੱਚ ਦਾ ਮਾਰਗ-ਧਰਮ ਦੀ ਪੌੜੀ	ਅਮਰ ਸਿੰਘ ਕੇਲੇ	11
ਅਧਿਆਤਮ	ਮਾਨ ਸਿੰਘ 'ਨਿਰੰਕਾਰੀ'	15
ਅਧਿਆਤਮ ਹੇ ਰੱਬੀ ਚਾਨਣ	ਲਛਮਣ ਸਿੰਘ	25
ਕਰਮ-ਕਾਂਡ ਨਹੀ ਅਧਿਆਤਮ	ਹਰਜਿੰਦਰ ਮੋਸਾ ਸਿੰਘ	27
ਅਧਿਆਤਮਿਕ ਧਾਰਾ ਦਾ ਪ੍ਰਵਾਹਕ-ਸਤਿਗੁਰੂ	ਰਾਮ ਮੂਰਤੀ 'ਭੱਟੀ'	29
. . . ਫੇਰ ਗੰਦਗੀ ਫੋਲੇ ਨਾ	ਸੀ. ਐਲ. ਗੁਲਾਟੀ	32
ਅਧਿਆਤਮ - ਸਤਿਗੁਰੂ ਦੀ ਦੇਨ	ਡਾ. ਰਵੀ ਬੰਗੜ	34

ਗੀਤ/ਕਵਿਤਾ/ਸਤੰਭ

ਆਤਮ-ਮੰਥਨ		6
ਗੀਤ-ਗੁਲਜ਼ਾਰ	ਗਿਆਨ-ਕਰਮ, ''ਬਾਬੂ-ਓਮੀ''	8
ਬੱਚਿਆਂ ਦਾ ਪੰਨਾ	ਕੇਵਲ ਕ੍ਰਿਸ਼ਨ ਮੋਗਾ	14
ਕਵੀਆਂ ਦੀ ਕਲਮ ਤੋਂ	ਬਿੰਕਰ ਸਿੰਘ, ਕਰਮ ਸਿੰਘ 'ਕਰਮ'	28

ਸੂਚਨਾ ਸਮਾਚਾਰ

ਸ਼ਾਂਤੀ ਦਾ ਵਾਤਾਵਰਣ ਸਥਾਪਿਤ ਕਰਨ 'ਚ ਯੋਗਦਾਨ ਦੇਈਏ	ਸ੍ਰੀਰਾਮ ਪ੍ਰਜਾਪਤੀ ਰਾਹੀਂ	35
ਪਰਮਾਤਮਾ ਹੀ ਜੀਵਨ ਦਾ ਆਧਾਰ	ਵਿਸ਼ੇਸ਼ ਪ੍ਰਤੀਨਿਧੀ ਰਾਹੀਂ	36
ਖਿੱਚ ਦਾ ਕੇਂਦਰ ਰਹੀ ਨਿਰੰਕਾਰੀ ਪ੍ਰਦਰਸ਼ਨੀ	ਸੁਸ਼ੀਲ ਕੁਮਾਰ 'ਅੰਸ਼'	37
ਜੋ ਬੱਚੇ ਸਤਿਸੰਗ ਨਾਲ ਜੁੜ ਜਾਂਦੇ ਹਨ. . .	ਵਿਸ਼ੇਸ਼ ਪ੍ਰਤੀਨਿਧੀ ਰਾਹੀਂ	
ਮਸੂਰੀ ਵਿਚ ਸਤਿਗੁਰੂ ਬਾਬਾ ਜੀ ਦਾ ਨਿੱਘਾ ਸਵਾਗਤ	ਭਗਵਤ ਜੋਸੀ	38
ਕੁਲਵੰਤ ਕੌਰ ਜੀ ਦਾ ਸ਼ਰਧਾਂਜ਼ਲੀ ਸਮਾਰੋਹ	ਜਸਪਾਲ ਮਹਿਤੋ	
ਗੁਲਸ਼ਨ ਸਭਰਵਾਲ ਜੀ ਦਾ ਸ਼ਰਧਾਂਜ਼ਲੀ ਸਮਾਰੋਹ	ਰਾਮ ਕੁਮਾਰ 'ਸੇਵਕ'	39
ਖਬਰਾਂ ਦੂਰ-ਦੇਸਾਂ ਤੋਂ		40

ਸੰਪਾਦਕ (ਆਨਰੇਰੀ)
ਸੁਲੇਖ 'ਸਾਥੀ'
ਦਫ਼ਤਰ, ਪਤ੍ਰਕਾ ਵਿਭਾਗ
ਸੰਤ ਨਿਰੰਕਾਰੀ ਮੰਡਲ, ਦਿੱਲੀ-੧
ਫੋਨ 011- **47660200**/224,225
ਫੈਕਸ : 011- 27608215
ਵੈਬਸਾਇਟ http:www.nirankari.org
ਈ ਮੇਲ :patrika@nirankari.org
snm@nirankari.org

ਫੋਟੋ ਸੈਟਿੰਗ ਅਤੇ ਛਾਪਕ
ਹਰਦੇਵ ਪ੍ਰਿੰਟਰਜ਼,
ਸੰਤ ਨਿਰੰਕਾਰੀ ਕਲੋਨੀ, ਦਿੱਲੀ-੧,
ਸਾਜ਼ ਸੰਜਾ :
ਨਿਰੰਕਾਰੀ ਆਰਟ ਗਰੁੱਪ ਦਿੱਲੀ-੧,
ਨਿਰੰਕਾਰੀ ਸਟੂਡੀਓ

ਸਾਲਾਨਾ ਚੰਦਾ
ਭਾਰਤ/ਨੇਪਾਲ : 60 ਰੁ
ਪ੍ਰੋਵਾਰਸ਼ਿਕ ਚੰਦਾ : 150 ਰੁ
ਏਸ਼ੀਆ/ਮਿਡਲ ਈਸਟ : 600 ਰੁ
ਇੰਗਲੈਂਡ : £30 ਸੂਰੇਪ : ₹15
ਅਮਰੀਕਾ : $20 ਕਨਾਡਾ/ਆਸਟ੍ਰੇਲੀਆ : $25
ਸੰਬਾਰਸ਼ ਲਈ (ਸਿਆਦਾ ਤੋਂ ਸਿਆਦਾ 20 ਸਾਲ)
ਭਾਰਤ/ਨੇਪਾਲ : 600 ਰੁ
ਏਸ਼ੀਆ/ਮਿਡਲ ਈਸਟ : 6000 ਰੁ
ਇੰਗਲੈਂਡ : £125 ਸੂਰੇਪ : ₹200
ਅਮਰੀਕਾ : $225, ਕਨਾਡਾ : $300
ਇਕ ਕਾਪੀ : 7 ਰੁ

ਪਬਲਿਸ਼ਰ ਤੇ ਪ੍ਰਿੰਟਰ ਸੀ. ਐਲ. ਗੁਲਾਟੀ ਨੇ ਸੰਤ ਨਿਰੰਕਾਰੀ ਮੰਡਲ, ਦਿੱਲੀ ਵਲੋਂ ਹਰਦੇਵ ਪ੍ਰਿੰਟਰਜ਼, ਸੰਤ ਨਿਰੰਕਾਰੀ ਕਲੋਨੀ, ਦਿੱਲੀ-੧, ਤੋਂ ਛਪਵਾ ਕੇ ਦਿੱਲੀ-੧ ਤੋਂ ਪ੍ਰਕਾਸ਼ਤ ਕੀਤਾ।

ਨੋਟ : ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਸੰਪਾਦਕੀ

ਆਤਮ ਨੂੰ ਪ੍ਰਮਾਤਮ ਮਿਲਿਆ

ਅਧਿਆਤਮ ਦਾ ਸੰਬੰਧ ਹੈ ਆਤਮਾ ਅਤੇ ਪ੍ਰਮਾਤਮਾ ਨਾਲ। ਆਤਮਾ, ਜੋ ਇਸ ਪੰਜ ਭੂਤਕ ਸਰੀਰ ਦੀ ਰਗ-ਰਗ ਵਿਚ ਮੌਜੂਦ ਹੋ ਕੇ ਇਸਨੂੰ ਗਤੀਸ਼ੀਲ ਅਤੇ ਚੇਤੰਨ ਰਖਦੀ ਹੈ ਅਤੇ ਪਰਮਾਤਮਾ, ਜੋ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਆਪਕ ਹੋ ਕੇ ਇਸ ਸ੍ਰਿਸ਼ਟੀ ਨੂੰ ਗਤੀਸ਼ੀਲ ਰਖਦਾ ਹੈ। ਭਾਵ ਭੌਤਿਕ ਸਰੀਰ ਵਿਚ ਮੌਜੂਦ ਨਿਰਾਕਾਰ ਸ਼ਕਤੀ (ਆਤਮਾ) ਦਾ ਦ੍ਰਿਸ਼ਟਮਾਨ ਸੰਸਾਰ ਵਿਚ ਵਿਆਪਕ ਅਦ੍ਰਿਸ਼ ਨਿਰਾਕਾਰ ਸ਼ਕਤੀ (ਪ੍ਰਮਾਤਮਾ) ਨਾਲ ਮੇਲ ਹੀ ਅਧਿਆਤਮਿਕਤਾ ਹੈ।

ਇਨਸਾਨੀ ਸਰੀਰ ਦਾ ਵਜੂਦ ਆਤਮਾ ਕਾਰਣ ਹੀ ਹੈ। ਆਤਮਾ-ਵਿਹੀਨ ਸਰੀਰ ਨਿਰਜੀਵ ਹੁੰਦਾ ਹੈ। ਉਸਨੂੰ ਮ੍ਰਿਤਕ ਕਿਹਾ ਜਾਂਦਾ ਹੈ। ਘਰ ਵਿਚ ਬੱਚੇ ਦੇ ਜਨਮ ਤੇ ਖੁਸ਼ੀ ਤਾਂ ਹੀ ਮਨਾਈ ਜਾਂਦੀ ਹੈ ਜੇ ਉਸ ਵਿਚ ਚੇਤੰਨ ਸੱਤਾ ਆਤਮਾ ਦਾ ਨਿਵਾਸ ਹੈ। ਨਿਰਜੀਵ ਪੈਦਾ ਹੋਏ ਬੱਚੇ ਦੇ ਜਨਮ ਤੇ ਕੋਈ ਖੁਸ਼ੀ ਨਹੀਂ ਹੁੰਦੀ, ਉਸ ਸ਼ਰੀਰ ਨੂੰ ਘਰ ਵਿਚ ਰੱਖਿਆ ਵੀ ਨਹੀਂ ਜਾਂਦਾ। ਸਪਸ਼ਟ ਹੈ ਕਿ ਮਹੱਤਵ ਸ਼ਰੀਰ ਦਾ ਨਹੀਂ ਬਲਕਿ ਉਸ ਵਿਚ ਵਸਦੀ ਆਤਮਾ ਦਾ ਹੈ। ਹਾਂ, ਆਤਮਕ ਜੋਤ ਕਾਰਣ ਉਹ ਸ਼ਰੀਰ ਵੀ ਮਹੱਤਵਪੂਰਣ ਹੋ ਜਾਂਦਾ ਹੈ ਅਤੇ ਉਸਦੀ ਸੰਭਾਲ ਹੋਣੀ ਆਰੰਭ ਹੋ ਜਾਂਦੀ ਹੈ।

ਹੁਣ ਵਿਚਾਰਣਯੋਗ ਗੱਲ ਇਹ ਹੈ ਕਿ ਆਤਮਾ ਦਾ ਐਨਾ ਮਹੱਤਵ ਹੋਣ ਦੇ ਬਾਵਜੂਦ ਵੀ ਇਨਸਾਨ ਅਧਿਆਤਮਿਕਤਾ ਤੋਂ ਐਨਾ ਦੂਰ ਕਿਉਂ ਹੈ? ਸ਼ਰੀਰ ਵਿਚ ਪ੍ਰਮਾਤਮਾ ਦੀ ਅੰਸ਼ ਆਤਮਕ ਜੋਤ ਦੀ ਮੌਜੂਦਗੀ ਦੇ ਬਾਵਜੂਦ ਵੀ ਇਹ ਪ੍ਰਮਾਤਮਾ ਤੋਂ ਅਨਜਾਣ ਕਿਉਂ ਹੈ ? ਅਧਿਆਤਮ ਪ੍ਰਤੀ ਰੁਚੀ ਰੱਖਣ ਵਾਲੇ ਲੋਕੀਂ ਜਦ ਇਸ ਪ੍ਰਸ਼ਨ ਦਾ ਉਤੱਰ ਖੋਜਣ ਦਾ ਜਤਨ ਕਰਦੇ ਹਨ ਤਾਂ ਸਪਸ਼ਟ ਹੁੰਦਾ ਹੈ ਕਿ ਜਿਵੇਂ ਬਿਜਲੀ ਦੇ ਕਿਸੇ ਜਗਦੇ ਹੋਏ ਬਲੱਬ ਤੇ ਕਈ ਰੰਗਾਂ ਦੇ ਆਵਰਣ ਚੜਾ ਦਿਤੇ ਜਾਣ ਤਾਂ ਜਗਦੇ ਹੋਣ ਦੇ ਬਾਵਜੂਦ ਵੀ ਉਸ ਬਲੱਬ ਦੀ ਰੋਸ਼ਨੀ ਜਾਂ ਤਾਂ ਅਲੋਪ ਹੋ ਜਾਂਦੀ ਹੈ ਜਾਂ ਫਿਰ ਬਹੁਤ ਮੱਧਮ ਪੈ ਜਾਂਦੀ ਹੈ, ਇਸੀ ਤਰ੍ਹਾਂ ਇਸ ਆਤਮਜੋਤ ਦੇ ਸ਼ਰੀਰ ਵਿਚ ਹੋਣ ਕਾਰਣ, ਇਸ ਸ਼ਰੀਰ ਉਤੇ ਚੜੇ ਭੌਤਿਕਤਾ ਦੇ ਅਨੇਕਾਂ ਤਰ੍ਹਾਂ ਦੇ ਆਵਰਣਾਂ ਕਾਰਣ ਇਸ ਆਤਮਕ ਜੋਤ ਦੀ ਰੋਸ਼ਨੀ ਵੀ ਮੱਧਮ ਪੈ ਜਾਂਦੀ ਹੈ ਅਤੇ ਇਨਸਾਨ ਅਪਣੇ ਆਪ ਨੂੰ ਸ਼ਰੀਰ ਮੰਨ ਕੇ ; ਇਸੀ ਦੇ ਹਿੱਤ ਲਈ ਜੁਟ ਜਾਂਦਾ ਹੈ, ਜਿਸ ਕਾਰਣ ਆਤਮਾ ਦੇ ਮਹੱਤਵ ਤੋਂ ਅਨਜਾਣ ਹੁੰਦਾ ਜਾਂਦਾ ਹੈ। ਨਤੀਜਾ, ਅਧਿਆਤਮ ਤੋਂ ਦੂਰ ਹੋ ਜਾਂਦਾ ਹੈ ਜਿਵੇਂ ਉਸ ਜਗਦੇ ਬਲਬ ਦੀ ਰੋਸ਼ਨੀ ਮੁੜ ਹਾਸਿਲ ਕਰਨ ਲਈ ਉਸ ਤੇ ਪਏ ਆਵਰਣ ਉਤਾਰਨੇ ਜ਼ਰੂਰੀ ਹੁੰਦੇ ਹਨ, ਇਸੀ ਤਰ੍ਹਾਂ ਇਨਸਾਨ ਨੂੰ ਮੁੜ ਅਧਿਆਤਮ ਨਾਲ ਜੋੜਨ ਲਈ ਆਤਮਾ ਤੇ ਪਏ ਹੋਏ ਭੌਤਿਕਤਾ ਦੇ ਆਵਰਣ ਉਤਾਰਨੇ ਵੀ ਜ਼ਰੂਰੀ ਹੁੰਦੇ ਹਨ ਜੋ ਕੇਵਲ ਅਤੇ ਕੇਵਲ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਸੰਭਵ ਹੁੰਦਾ ਹੈ। ਅੱਜ ਸੰਤ ਨਿਰੰਕਾਰੀ ਮਿਸ਼ਨ ਵੀ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਕ੍ਰਿਪਾ ਨਾਲ ਇਨਸਾਨਾਂ ਦੀ ਆਤਮਾ ਤੇ ਪਏ ਅਗਿਆਨਤਾ ਦੇ ਸਾਰੇ ਪਰਦੇ ਉਤਾਰ ਰਿਹਾ ਹੈ। ਮਿਸ਼ਨ ਦੇ ਮੂਲ ਸਿਧਾਂਤ ਹਨ -

1. ਤਨ-ਮਨ-ਧਨ ਪ੍ਰਮਾਤਮਾ ਦੀ ਦੇਣ ਹੈ, ਇਨ੍ਹਾਂ ਨੂੰ ਪ੍ਰਮਾਤਮਾ ਦਾ ਹੀ ਮੰਨਣਾ ਹੈ।
2. ਜਾਤੀ, ਵਰਣ, ਆਸ਼ਰਮ ਦਾ ਅਭਿਮਾਨ ਨਹੀਂ ਕਰਨਾ।
3. ਕਿਸੇ ਦੇ ਰਹਿਣ-ਸਹਿਣ ਜਾਂ ਖਾਣ-ਪੀਣ-ਪਹਿਨਣ ਕਾਰਣ ਘਿਰਨਾ ਨਹੀਂ ਕਰਨੀ।
4. ਗ੍ਰਹਿਸਥ ਤਿਆਗ ਕੇ ਭੇਖੀ ਸਾਧੂ-ਸੰਤ-ਫ਼ਕੀਰ ਬਣ ਕੇ ਸਮਾਜ ਉਪਰ ਬੋਝ ਨਹੀਂ ਬਣਨਾ।
5. ਸਤਿਗੁਰੂ ਦੁਆਰਾ ਪ੍ਰਦਾਨ ਕੀਤੇ ਗਏ ਬ੍ਰਹਮ ਗਿਆਨ ਨੂੰ ਸਤਿਗੁਰੂ ਦੀ ਇਜਾਜਤ ਬਗੈਰ ਕਿਸੇ ਦੇ ਪ੍ਰਤੀ ਨਹੀਂ ਖੋਲ੍ਹਣਾ।

ਇਹ ਉਹ ਪੰਜ ਮਹਾਂ-ਮੰਤਰ ਹਨ, ਜਿਨ੍ਹਾਂ ਦੀ ਪਾਲਣਾ ਕਰਨ ਵਾਲਾ ਇਨਸਾਨ ਤਨ-ਮਨ-ਧਨ, ਜਾਤ-ਮਜ਼ਹਬ, ਵਰਣ ਅਤੇ ਖਾਣ - ਪੀਣ - ਪਹਿਨਣ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਸੰਸਾਰ ਵਿਚ ਇੰਦਾਂ ਰਹਿੰਦਾ ਹੈ ਜਿੰਦਾਂ ਪਾਣੀ ਵਿਚ ਕਮਲ। ਇਹ ਬੋਧ ਹੋ ਜਾਣ ਕਾਰਣ ਆਤਮਾ ਤੇ ਭੌਤਿਕਤਾ ਦਾ ਕੋਈ ਆਵਰਣ ਨਹੀਂ ਰਹਿੰਦਾ, ਇਹ ਮੁੜ ਆਪਣੇ ਅਸਲ ਸਰੂਪ ਵਿਚ ਰੋਸ਼ਨ ਹੋ ਜਾਂਦੀ ਹੈ ਅਤੇ ਮੂਲ ਪ੍ਰਮਾਤਮਾ ਦੇ ਵਿਸ਼ਾਲ ਪ੍ਰਕਾਸ਼ ਨਾਲ ਜੁੜ ਕੇ ਅਧਿਆਤਮਿਕਤਾ ਨੂੰ ਪ੍ਰਾਪਤ ਹੁੰਦੀ ਹੈ ਤੇ ਇਨਸਾਨ ਕਹਿ ਉਠਦਾ ਹੈ-

ਆਤਮ ਨੂੰ ਪ੍ਰਮਾਤਮ ਮਿਲਿਆ
ਦੁਖ ਦੂਰ ਹੋਏ ਸੰਤਾਪ ਗਏ।
ਕਹੇ ਅਵਤਾਰ ਗੁਰੂ ਦੀ ਕਿਰਪਾ
ਛਿਨ ਵਿਚ ਹੈ ਮਿਲਾਪ ਗਏ।

ssathi_2007@yahoo.com

15 ਅਗਸਤ (ਮੁਕਤੀ-ਪੁਰਬ) ਤੇ ਵਿਸ਼ੇਸ਼

ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਦੇ ਅਨਮੋਲ ਬਚਨ

ਸੰਸਾਰ ਅੰਦਰ ਦੇਖਣ ਵਿਚ ਅਨੇਕਾਂ ਫਿਰਕੇ ਜਾਂ ਮੱਤ ਨਜ਼ਰ ਆਉਂਦੇ ਹਨ, ਪਰ ਇਹ ਲੋਕਾਂ ਦੀ ਅਗਿਆਨਤਾ ਹੈ। ਅਸਲ ਵਿਚ ਤਾਂ ਦੋ ਹੀ ਮੱਤ ਹਨ। ਪਹਿਲਾ ਗੁਰਮਤਿ ਤੇ ਦੂਜਾ ਮਨਮਤਿ

o ਸੁਰਜੀਤ ਸਿੰਘ (ਮੋਹਾਲੀ)

ਬਾਬਾ ਅਵਤਾਰ ਸਿੰਘ ਜੀ ਦਾ ਜਨਮ ਇਕ ਜਨਵਰੀ 1900 ਨੂੰ ਲਤੀਫਾਲ ਜ਼ਿਲ੍ਹਾ ਜੇਹਲਮ (ਪਾਕਿਸਤਾਨ) ਵਿਚ ਹੋਇਆ। ਬਾਬਾ ਜੀ ਸਰਦਾਰ ਧੰਨਾ ਸਿੰਘ ਜੀ ਦੀ ਪ੍ਰੇਰਨਾ ਨਾਲ ਬਾਬਾ ਬੂਟਾ ਸਿੰਘ ਜੀ ਦੀ ਸ਼ਰਨ ਵਿਚ ਗਏ। 15 ਮਈ, 1929 ਨੂੰ ਆਪ ਜੀ ਨੂੰ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਹੋਈ। ਗਿਆਨ ਪ੍ਰਾਪਤ ਕਰਕੇ ਆਪ ਨੇ ਆਪਣੇ ਆਪ ਨੂੰ ਬਾਬਾ ਬੂਟਾ ਸਿੰਘ ਜੀ ਨੂੰ ਸਮਰਪਿਤ ਕਰ ਦਿੱਤਾ ਜਿਸਦੇ ਫਲਸਰੂਪ 1943 ਵਿਚ ਬਾਬਾ ਬੂਟਾ ਸਿੰਘ ਜੀ ਨੇ ਸ਼ਰੀਰ ਤਿਆਗਣ ਤੋਂ ਪਹਿਲਾਂ ਗੁਰ-ਗੱਦੀ ਆਪ ਜੀ ਨੂੰ ਸੌਂਪ ਦਿੱਤੀ। 1947 ਦੀ ਵੰਡ ਮਗਰੋਂ ਆਪ ਜੀ ਦਿੱਲੀ ਵਿਖੇ ਆ ਗਏ ਅਤੇ ਪਹਾੜ ਗੰਜ ਵਿਖੇ ਰਹਿਣ ਲੱਗੇ। 1943 ਤੋਂ ਲੰ ਕੇ 1962 ਤਕ ਆਪ ਨੇ ਇਸ ਮਿਸ਼ਨ ਦੀ ਅਗਵਾਈ ਕੀਤੀ। ਫਿਰ ਆਪਣੇ ਜੀਵਨ ਕਾਲ ਵਿਚ ਹੀ ਇਹ ਜ਼ੁੰਮੇਵਾਰੀ ਆਪਣੇ ਪਰਮ ਸੇਵਕ ਬਾਬਾ ਗੁਰਬਚਨ ਸਿੰਘ ਜੀ ਨੂੰ ਸੌਂਪ ਦਿੱਤੀ ਅਤੇ ਆਪ ਇਕ ਪੂਰਨ ਗੁਰਸਿੱਖ ਦੇ ਰੂਪ ਵਿਚ ਜੀਵਨ ਜੀਉਣ ਲੱਗੇ।

ਆਪ ਦੇ ਉਪਦੇਸ਼ਾਂ ਦੀ ਯਾਦ ਮਨੁੱਖੀ ਮਨਾਂ ਵਿਚ ਯੁਗਾਂ-ਯੁਗਾਂ ਤਕ ਬਣੀ ਰਹੇਗੀ। ਉਨ੍ਹਾਂ ਉਦਪੇਸ਼ਾਂ ਵਿਚੋਂ ਕੁਝ ਦਾ ਵਰਣਨ ਇਥੇ ਕੀਤਾ ਜਾ ਰਿਹਾ ਹੈ ਤਾਂ ਜੋ ਮਨੁੱਖ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਅਪਨਾ ਕੇ ਮਨੁੱਖੀ ਜਾਮੇ ਵਿਚ ਆਉਣ ਦਾ ਲਾਭ ਪ੍ਰਾਪਤ ਕਰ ਸਕੇ।

ਗੁਰਮੁਖ ਹੀ ਅਸਲ ਇਨਸਾਨ

ਸੰਸਾਰ ਅੰਦਰ ਦੇਖਣ ਵਿਚ ਅਨੇਕਾਂ ਫਿਰਕੇ ਜਾਂ ਮੱਤ ਨਜ਼ਰ ਆਉਂਦੇ ਹਨ, ਪਰ ਇਹ ਲੋਕਾਂ ਦੀ ਅਗਿਆਨਤਾ ਹੈ। ਅਸਲ ਵਿਚ ਤਾਂ ਦੋ ਹੀ ਮੱਤ ਹਨ। ਪਹਿਲਾਂ ਗੁਰਮਤਿ ਤੇ ਦੂਜਾ ਮਨਮਤਿ। ਮਹਾਂਪੁਰਸ਼ਾਂ ਨੇ ਬਹੁਤੇ ਫਿਰਕਿਆਂ ਨੂੰ ਕਦੇ ਨਹੀਂ ਮੰਨਿਆਂ ਸਗੋਂ ਕਿਹਾ ਹੈ ਕਿ ਜਿਤਨੇ ਵੀ ਇਹ ਬਹੁਤ ਮੱਤ ਨਜ਼ਰ ਆਉਂਦੇ ਹਨ, ਜੇ ਇਹ ਰੱਬ ਨੂੰ ਨਹੀਂ ਜਾਣਦੇ ਤਾਂ ਸਾਰਿਆਂ ਦਾ ਮੁੱਖ ਮਨਮਤਿ ਵਲ ਹੈ। ਇਨ੍ਹਾਂ ਨੂੰ ਸੰਸਾਰੀ ਵੀ ਕਿਹਾ ਗਿਆ ਹੈ। ਦੂਜੇ ਗੁਰਮਤਿ ਵਾਲੇ ਲੋਕ ਹਨ, ਜਿਨ੍ਹਾਂ ਨੇ ਆਪਣੇ ਮਾਲਕ ਨਿਰੰਕਾਰ ਨੂੰ ਜਾਣ ਲਿਆ ਹੈ ਇਹ ਹਨ ਗੁਰਮੁਖ। ਇਸ ਸੰਸਾਰ ਵਿਚ ਗੁਰਮੁਖ ਹੀ ਹਨ ਜੋ ਸਹੀ ਅਰਥਾਂ ਵਿਚ ਇਨਸਾਨ ਹਨ ਤੇ ਅੱਠੇ ਪਹਿਰ ਇਸੇ ਰੱਬ ਦਾ ਧਿਆਨ ਧਰਦੇ ਹਨ ਕਿਉਂਕਿ ਅਸਲੀ ਸ਼ਾਂਤੀ ਤੇ ਸੁਖ ਪ੍ਰਭੂ ਕੋਲੋਂ ਹੀ ਮਿਲ ਸਕਦੇ ਹਨ।

ਨਾਮ ਦਾ ਧਨ ਹੀ ਸਥਿਰ

ਦੁਨੀਆਂ ਅੰਦਰ ਕਈ ਤਰ੍ਹਾਂ ਦੇ ਧਨ ਹਨ ਤੇ ਲੋਕੀਂ ਇਨ੍ਹਾਂ ਨੂੰ ਹਾਸਿਲ ਕਰਕੇ ਵਕਤੀ ਤੌਰ ਤੇ ਖੁਸ਼ ਹੁੰਦੇ ਹਨ। ਪਰ ਇਹ ਸਾਰੇ ਧਨ ਫਾਨੀ ਹਨ, ਚਲੇ ਜਾਂਦੇ ਹਨ। ਤੋਟਾ ਆ ਜਾਂਦਾ ਹੈ। ਜਿਵੇਂ ਕਦੇ ਪੁੱਤਰ ਹੈ ਕਦੇ ਨਹੀਂ। ਇਸੇ ਤਰ੍ਹਾਂ ਕਦੇ ਮਾਇਆ ਹੈ ਤੇ ਕਦੇ ਨਹੀਂ ਭਾਵ ਕਿ ਕੋਈ ਵੀ ਧਨ ਸਥਿਰ ਨਹੀਂ ਹੈ। ਕੇਵਲ ਨਾਮਧਨ ਹੀ ਸਥਿਰ ਤੇ ਹਮੇਸ਼ਾ ਰਹਿਣ ਵਾਲਾ ਹੈ।

ਨਿੰਦਿਆ ਨਫ਼ਰਤ ਤੋਂ ਬਚੀਏ

ਨਿੰਦਿਆ ਨਫ਼ਰਤ ਤੇ ਚੁਗਲੀ ਆਦਿ ਜਿਹੇ ਭੈੜੇ ਲਛਣ ਮਨੁੱਖ ਨੂੰ ਤਬਾਹ ਕਰ ਦਿੰਦੇ ਹਨ ਜਿਹੜਾ ਪੁਰਸ਼ ਇਹੋ ਜਿਹੀਆਂ ਗੱਲਾਂ ਦਸਦਾ ਹੈ ਉਸਦਾ ਦਰਜ਼ਾ ਸਾਕਤ ਦੇ ਬਰਾਬਰ ਹੈ ਅਤੇ ਸੰਗਤ ਵਿਚ ਇਹੋ ਜਿਹੀਆਂ ਚਾਲਾਂ, ਚੱਲਣ ਵਾਲਾ ਆਦਮੀ ਨਹੀਂ ਟਿਕ ਸਕੇਗਾ।

ਚੇਤੰਨ ਰਹਿਣ ਦੀ ਲੋੜ

ਜਿਹੜਾ ਸਤਿਗੁਰੂ ਤੋਂ ਮੁੱਖ ਮੋੜ ਲੈਂਦਾ ਹੈ ਉਸਦਾ ਦੇਵਾਂ ਜਹਾਨਾਂ ਵਿਚ ਕੋਈ ਟਿਕਾਣਾ ਨਹੀਂ। ਇਹੋ ਜਿਹੇ ਨਿੰਦਕ ਵੇਲੇ-ਵੇਲੇ ਸਿਰ ਹਰ ਮਹਾਂਪੁਰਸ਼ ਦੇ ਸਮੇਂ ਹੁੰਦੇ

ਰਹਿੰਦੇ ਹਨ। ਅੱਜ ਇਨ੍ਹਾਂ ਦੀਆਂ ਕਰਨੀਆਂ ਕੋਈ ਵੱਖਰੀਆਂ ਨਹੀਂ। ਗੁਰਮੁਖਾਂ ਨੂੰ ਚੇਤੰਨ ਰਹਿਣ ਦੀ ਲੋੜ ਹੈ। ਗਿਆਨੀਆਂ ਦੇ ਭੇਸ ਵਿਚ ਹੀ ਕੁਝ ਅਜਿਹੇ ਨਿੰਦਕ ਵੀ ਆਏ ਹੁੰਦੇ ਹਨ ਜਿਨ੍ਹਾਂ ਨੂੰ ਸਤਿਗੁਰੂ ਤੇ ਨਿਰੰਕਾਰ ਦੀ ਸਭਾ ਨਹੀਂ ਭਾਂਵਦੀ। ਉਹ ਗਿਆਨ ਨੂੰ, ਆਪਣੇ ਪਾਪਾਂ ਨੂੰ ਛੁਪਾਉਣ ਲਈ ਓਟ ਬਣਾਉਂਦੇ ਹਨ। ਉਤੋਂ ਤਾਂ ਪਿਆਰ ਤੇ ਨਿਮਰਤਾ ਹੀ ਜਾਹਿਰ ਕਰਦੇ ਹਨ ਸਿੱਧੇ ਸਾਦੇ ਲੋਕਾਂ ਤੇ ਆਪਣਾ ਗਲਬਾ ਪਾਣ ਲਈ ਬੜੀਆਂ ਚੰਗੀਆਂ - ਚੰਗੀਆਂ ਵਿਚਾਰਾਂ, ਕੀਰਤਨ, ਲੈਕਚਰ ਆਦਿ ਵੀ ਕਰਦੇ ਹਨ ਪਰ ਅੰਦਰੋਂ ਮੈਲ ਹੀ ਹੁੰਦੀ ਹੈ। ਸੰਸਾਰ ਨੂੰ ਉਹ ਠਗਦੇ ਹੀ ਹਨ, ਨਿਰੰਕਾਰ ਅਤੇ ਸਤਿਗੁਰੂ ਨੂੰ ਵੀ ਟਪਲਾ ਦੇਣ ਦਾ ਯਤਨ ਕਰਦੇ ਹਨ। ਇਹਨਾਂ ਤੋਂ ਬਚਣ ਦੀ ਲੋੜ ਹੁੰਦੀ ਹੈ।

ਸੰਸਾਰ ਦੀ ਆਦਤ ਨੁਕਤਾਚੀਨੀ

ਸੰਸਾਰ ਤਾਂ ਹਰ ਗੱਲ ਤੇ ਨੁਕਤਾਚੀਨੀ ਕਰਦਾ ਹੈ। ਅਗਰ ਅਸੀਂ ਪੈਰਾਂ ਤੇ ਸਿਰ ਰੱਖਦੇ ਹਾਂ ਤਾਂ ਕਹਿੰਦੇ ਹਨ, ਵੇਖੋ ਜੀ ਪੈਰਾਂ ਤੇ ਸਿਰ ਰੱਖਦੇ ਹਨ, ਮਰਦ ਔਰਤਾਂ ਨੂੰ ਮੱਥੇ ਟੇਕਦੇ ਹਨ। ਜੇ ਅਸੀ ਚੁਰਨ ਧੋ ਕੇ ਚਰਨਾਮ੍ਰਿਤ ਲੈਂਦੇ ਹਾਂ ਤਾਂ ਕਹਿੰਦੇ ਹਨ ਕਿ ਵੇਖੋ ਜੀ ਪੈਰਾਂ ਦਾ ਪਾਣੀ ਪੀਂਦੇ ਹਨ। ਅਗਰ ਹਸਦੇ ਹਾਂ ਤਾਂ ਕਹਿੰਦੇ ਹਨ ਕਿ ਇਹ ਵੀ ਕੋਈ ਭਗਤ ਨੇ। ਗੱਲ ਕੀ, ਹਰ ਗੱਲ ਤੇ ਨੁਕਤਾਚੀਨੀ ਕਰਦੇ ਹਨ।

ਧਰਮ ਗ੍ਰੰਥਾਂ ਦੀ ਕਸੌਟੀ ਤੇ ਗਿਆਨ

ਜਿਹੜਾ ਆਦਮੀ ਸਾਧ ਸੰਗਤ ਨਾਲ ਮਿਲ ਕੇ ਪਰਮਾਤਮਾ ਨੂੰ ਮਿਲ ਚੁੱਕਾ ਹੈ ਉਹ ਗੁਣਾਂ ਦਾ ਖਜ਼ਾਨਾ ਪ੍ਰਾਪਤ ਕਰ ਲੈਂਦਾ ਹੈ ਅਤੇ ਗੁਣੀ ਗਹੀਰ ਬਣ ਜਾਂਦਾ ਹੈ। ਇਹ ਕੋਈ ਨਵੀਂ ਗੱਲ ਨਹੀਂ, ਇਹ ਸੱਚੀ ਗੱਲ ਪਹਿਲਾਂ ਤੋਂ ਹੀ ਚਲੀ ਆਉਂਦੀ ਹੈ ਜਿਨ੍ਹਾਂ ਨੇ ਇਹ ਗੱਲ ਜਾਣੀ ਹੈ, ਉਹ ਦਸਦੇ ਹਨ ਕਿ ਕਿਸੇ ਪੂਰਨ ਸਾਧੂ ਨੂੰ ਮਿਲ ਕੇ ਨਾਮ (ਨਿਰੰਕਾਰ) ਨੂੰ ਜਾਣੋ ਫਿਰ ਤੁਸੀਂ ਵੀ ਸੁਖੀ ਹੋ ਜਾਵੋਗੇ। ਇਹ ਹੀ ਇਕ ਸੁਖ ਦਾ ਸਾਧਨ ਹੈ ਜੇਕਰ ਯਕੀਨ ਨਹੀਂ ਤਾਂ ਸਾਰੇ ਗ੍ਰੰਥ ਪੁਰਾਨ, ਸ਼ਾਸਤਰ, ਵੇਦ ਪੜ੍ਹ ਕੇ ਵੇਖੋ ਤਾਂ ਤੁਹਾਨੂੰ ਯਕੀਨ ਆ ਜਾਵੇਗਾ। ਆਪਣੀ ਧਰਮ ਪੁਸਤਕ ਜਿਸਤੇ ਤੁਹਾਨੂੰ ਵਿਸ਼ਵਾਸ ਹੈ ਨਾਲ ਮਿਲਾ ਕੇ ਵੇਖ ਲਓ। ਜੇ ਗਿਆਨ ਠੀਕ ਲੱਗੇ ਤਾਂ ਸਮਝ ਲਓ ਕਿ ਮੈਂ ਉਹ ਕੰਮ ਕਰ ਲਿਆ ਹੈ। ਜਿਸ ਕੰਮ ਲਈ ਮੈਨੂੰ ਇਹ ਮਨੁੱਖੀ ਜਨਮ ਮਿਲਿਆ ਸੀ ਅਤੇ ਮੇਰਾ ਜਨਮ-ਮਰਨ ਖਤਮ ਹੋ ਗਿਆ ਹੈ।

ਗਿਆਨ ਹੀ ਗੁਰੂ ਹੈ

ਜਦ ਅਸੀਂ ਮੁਕੱਦਮੇ ਵਾਸਤੇ ਕੋਈ ਵਕੀਲ ਕਰਦੇ ਹਾਂ ਤਾਂ ਉਸਦੀ ਸ਼ਕਲ ਨਹੀਂ ਵੇਖਦੇ। ਸਗੋਂ ਉਸਦੀ ਲਿਆਕਤ ਅਤੇ ਗੁਣ ਨੂੰ ਵੇਖਿਆ ਜਾਂਦਾ ਹੈ। ਸਾਧ ਸੰਗਤ ਇਹ ਗੁਰੂ ਦਾ ਬੁੱਤ ਨਹੀਂ ਹੈ ਬਲਕਿ ਉਹ ਗਿਆਨ ਜੋ ਤੁਹਾਨੂੰ ਗੁਰੂ ਪਾਸੋਂ ਮਿਲਿਆ ਹੈ ਉਹ ਗੁਰੂ ਹੈ। ਜਿਸ ਤਰ੍ਹਾਂ ਕਿਸੇ ਭਾਂਡੇ ਵਿਚ ਕੋਈ ਚੀਜ਼ ਰੱਖੀ ਹੋਵੇ ਤਾਂ ਚੀਜ਼ ਦੇ ਨਾਲ ਉਸ ਭਾਂਡੇ ਦੀ ਵੀ ਕਦਰ ਹੁੰਦੀ ਹੈ। ਕਿਉਂਕਿ ਤੁਹਾਨੂੰ ਗਿਆਨ ਇਸ ਘਟਿ ਵਿਚੋਂ ਭਾਵ ਇਸ ਬੁੱਤ ਕੋਲੋਂ ਮਿਲਿਆ ਹੈ, ਇਸ ਲਈ ਇਸ ਬੁੱਤ ਦੀ ਥਾਂ-ਥਾਂ ਸੇਵਾ ਹੁੰਦੀ ਹੈ। ਇਸ ਲਈ ਗੁਰੂ ਤੇ ਪਰਮੇਸ਼ਰ ਇਕ ਹਨ। ਗੁਰੂ ਦੇ ਬੁਤ ਵੱਲ ਨਾ ਵੇਖੋ। ਇਹ ਬੁੱਤ ਤੁਹਾਡਾ ਗੁਰੂ ਨਹੀਂ। ਇਹ ਬੁੱਤ ਨਾਸ਼ਵਾਨ ਹੈ ਪਰ ਗੁਰੂ ਅਵਿਨਾਸੀ ਹੁੰਦਾ ਹੈ। ਇਹ ਗਿਆਨ

ਤੁਹਾਨੂੰ ਜੋ ਦੱਸਿਆ ਹੈ ਇਹੀ ਤੁਹਾਡਾ ਗੁਰੂ ਹੈ।

ਅਦਲੇ ਦਾ ਬਦਲਾ ਨਹੀਂ

ਜੇਕਰ ਕੋਈ ਮਹਾਂਪੁਰਸ਼ ਭੁੱਲ ਕਰਦਾ ਹੈ, ਤੁਸੀਂ ਅਦਲੇ ਦਾ ਬਦਲਾ ਨਾ ਲਓ। ਉਸਦੀ ਨਿੰਦਾ ਚੁਗਲੀ ਨਾ ਕਰੋ। ਅਗੇ ਮੈਂ ਜਾਣਾ ਤੇ ਉਹ। ਤੁਸਾਂ ਆਪਣੇ ਆਪਨੂੰ ਕੁਝ ਨਹੀਂ ਗਿਣਨਾ ਬਲਕਿ ਮਹਾਂਪੁਰਸਾਂ ਦੀ ਚਰਨ ਧੂੜੀ ਬਣਨਾ ਹੈ।

ਗੁਰਮੁਖ ਦਾ ਜੀਵਨ

ਗੁਰਮੁਖ ਦਾ ਜੀਵਨ ਇਹ ਹੁੰਦਾ ਹੈ ਕਿ ਉਹ ਉਠਦਾ-ਬੈਠਦਾ, ਸੌਂਦਾ-ਜਾਗਦਾ, ਚਲਦਾ-ਫਿਰਦਾ ਆਪਣੇ ਰੱਬ ਅਥਵਾ ਨਿਰੰਕਾਰ ਨੂੰ ਚੇਤੇ ਕਰਦਾ ਹੈ ਅਤੇ ਉਸਦੇ ਮੂੰਹੋਂ ਤੂੰ ਹੀ ਨਿਰੰਕਾਰ, ਤੂੰ ਹੀ ਨਿਰੰਕਾਰ ਨਿਕਲਦਾ ਹੈ। ਗੁਰਮੁੱਖ ਆਪਣਾ ਸੁਖ-ਦੁੱਖ ਲੋਕਾਂ ਨੂੰ ਨਹੀਂ ਦਸਦੇ, ਉਹ ਕੇਵਲ ਆਪਣੇ ਸਤਿਗੁਰੂ ਅਥਵਾ ਗੁਰਮੁਖਾਂ ਨੂੰ ਜਾਂ ਨਿਰੰਕਾਰ ਨੂੰ ਦੱਸਦੇ ਹਨ। ਜਿਵੇਂ ਨਿਰੰਕਾਰ ਤੇ ਗੁਰੂ ਵਿਚ ਕੋਈ ਫਰਕ ਨਹੀਂ ਹੁੰਦਾ ਇਵੇਂ ਹੀ ਗੁਰੂ ਤੇ ਸਿੱਖ ਵਿਚ ਵੀ ਕੋਈ ਫਰਕ ਨਹੀਂ ਹੁੰਦਾ ਅਤੇ ਨਿਰੰਕਾਰ ਅੰਤਰਯਾਮੀ ਹੁੰਦਾ ਹੈ।

ਹਉਮੈ ਦੀ ਮੈਲ

ਗੁਰੂ ਦੀ ਕ੍ਰਿਪਾ ਦੁਆਰਾ ਹਉਮੈ ਦੀ ਮੈਲ ਉਤਰਦੀ ਹੈ। ਜਿਸ ਤਰ੍ਹਾਂ ਸੀਸੇ ਤੇ ਮੈਲ ਪੈ ਜਾਣ ਨਾਲ ਆਪਣਾ ਮੂੰਹ ਨਹੀਂ ਦਿਖਾਈ ਦਿੰਦਾ ਇਸੇ ਤਰ੍ਹਾਂ ਹੀ ਆਤਮਾ ਤੇ ਹਉਮੈ ਦੀ ਮੈਲ ਲਗ ਜਾਣ ਕਾਰਣ ਪਰਮਾਤਮਾ ਨਜ਼ਰ ਨਹੀਂ ਆਉਂਦਾ। ਪ੍ਰੰਤੂ ਜਦੋਂ ਗੁਰੂ ਦੀ ਕ੍ਰਿਪਾ ਦਵਾਰਾ ਹਉਮੈ ਦੀ ਮੈਲ ਉਤਰ ਜਾਂਦੀ ਹੈ ਤਾਂ ਨਿਰੰਕਾਰ ਹਰ ਥਾਂ ਤੇ ਨਜ਼ਰ ਆਉਣ ਲਗ ਜਾਂਦਾ ਹੈ।

ਗੁਰੂ ਨਾਲ ਚਤੁਰਾਈ

ਜੋ ਆਪਣੇ ਗੁਰੂ ਨਾਲ ਚਤੁਰਾਈ ਕਰਦਾ ਹੈ ਉਹ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ ਅਤੇ ਭਰਮ ਵਿਚ ਪਿਆ ਹੈ। ਉਹ ਗੁਰੂ ਦੀ ਸੇਵਾ ਨਹੀਂ ਕਰਦਾ। ਗੁਰੂ ਪਾਸੋਂ ਗਿਆਨ ਤਾਂ ਲੈ ਲਿਆ ਹੈ ਪਰ ਉਸ ਤੇ ਚਲਦਾ ਨਹੀਂ ਉਹ ਬੜਾ ਹੀ ਦੁਖ ਪਾਉਂਦਾ ਹੈ।

ਸੰਗਤ ਦੀ ਮਹਾਨਤਾ

ਰੋਜ਼ ਸੰਗਤ ਕੀਤਾ ਕਰੋ। ਅਗਰ ਦਿਨ ਨੂੰ ਸਮਾਂ ਨਹੀਂ ਮਿਲਦਾ ਤਾਂ ਰਾਤ ਨੂੰ ਹੀ ਅੱਧਾ ਘੰਟਾ ਮਿਲ ਕੇ ਸੰਗਤ ਕੀਤਾ ਕਰੋ। ਜੋ ਪ੍ਰਭੂ ਨਿਰੰਕਾਰ ਦੇ ਨਿਸ ਦਿਨ ਗੁਣ ਗਾਉਦੇ ਹਨ ਉਨ੍ਹਾਂ ਦੇ ਸਾਰੇ ਪਾਪ ਉਤਰ ਜਾਂਦੇ ਹਨ। ਪਰ ਜੋ ਸਾਧ ਸੰਗਤ ਨਹੀਂ ਕਰਦੇ ਉਨ੍ਹਾਂ ਨੂੰ ਕਰੋੜਾਂ ਕਲੇਸ਼ ਲਗ ਜਾਂਦੇ ਹਨ ਅਤੇ ਹਰੀ ਜਸ ਕਰਨ ਨਾਲ ਕੋਈ ਦੁਖ ਜਾਂ ਤਕਲੀਫ ਨਹੀਂ ਆਉਂਦੀ।

ਗੁਰਮੁਖ ਸ੍ਰਿਸ਼ਟੀ ਦਾ ਰਾਜਾ

ਜਿਹੜੇ ਨਿਰੰਕਾਰ ਪ੍ਰਭੂ ਨੂੰ ਜਾਣ ਚੁੱਕੇ ਹਨ। ਉਹ ਸਭ ਤੋਂ ਉਚੇ ਤੇ ਸੁੱਚੇ ਹਨ, ਇਕ ਪਾਸੇ ਤਾਂ ਨੌ-ਖੰਡ ਪ੍ਰਿਥਵੀ ਦਾ ਰਾਜਾ ਹੋਵੇ ਤੇ ਦੂਜੇ ਪਾਸੇ ਇਕ ਨਿਮਾਣਾ ਜਿਹਾ ਗੁਰਸਿੱਖ ਹੋਵੇ। ਟੁੱਟੀ ਹੋਈ ਝੋਪੜੀ ਵਿਚ ਰਹਿਣ ਵਾਲਾ, ਕਪੜੇ ਪਾਟੇ ਹੋਣ, ਨਾ ਹੀ ਉਹਦੇ ਕੋਲ ਦੌਲਤ ਹੋਵੇ, ਨਾ ਹੀ ਉਹਦਾ ਕੋਈ ਘਰ-ਬਾਰ ਹੋਵੇ ਅਤੇ ਨਾ ਹੀ ਕੋਈ ਉਸਨੂੰ ਆਦਰ ਦਿੰਦਾ ਹੋਵੇ ਪਰ ਹੋਵੇ ਗੁਰਮੁੱਖ, ਬਾਣੀ ਉਸਨੂੰ ਸਾਰੀ ਸ੍ਰਿਸਟੀ ਦਾ ਰਾਜਾ ਕਹਿੰਦੀ ਹੈ।

ਨਿਰੰਕਾਰ ਦੀ ਦਰਗਾਹ

ਨਿਰੰਕਾਰ ਦੀ ਦਰਗਾਹ ਵਿਚ ਜ਼ਾਤਾਂ, ਮਜ਼ਹਬ ਅਤੇ ਵਰਨ ਆਦਿ ਨਹੀਂ ਪੁੱਛੇ ਜਾਂਦੇ। ਪੁਛਿਆ ਜਾਂਦਾ ਹੈ ਕਿ ਮਨੁੱਖਾ ਜਨਮ ਲੈ ਕੇ ਗਏ ਸਓ। ਅਕਾਲ-ਪੁਰਖ ਨਿਰੰਕਾਰ ਨੂੰ ਪੁਛਾਤਾ ਜੇ ਕਿ ਨਹੀਂ ? ਤੇ ਫਿਰ ਪੁਛਿਆ ਜਾਂਦਾ ਹੈ ਕਿ ਕਿਹੜਾ ਹੈ? ਜਿਹੜੇ ਜਾਣਦੇ ਹਨ ਉਹ ਦਸਦੇ ਹਨ ਮੇਰੇ ਅੰਗ-ਸੰਗ ਹੈ, ਮੈਂ ਦੇਖਿਆ ਹੈ। ਵਾਕਿਆ ਸਾਧ ਸੰਗਤ ਇਹ ਨਿਰੰਕਾਰ ਸੂਖਸ਼ਮ ਹੈ ਤੇ ਤੁਸੀ ਵੀ ਸੂਖਸ਼ਮ। ਜਿਹੜੇ ਜਾਨਣ ਵਾਲੇ ਹਨ ਉਹ ਤਾਂ ਸਮਝਦੇ ਹਨ, ਬਾਕੀ ਜਿਹੜੇ ਲੋਕ ਨਹੀਂ ਜਾਣਦੇ ਉਹ ਤਾਂ ਪਸੂਆਂ ਵਾਂਗ ਅਪਣਾ ਜੀਵਨ ਬਤੀਤ ਪਏ ਕਰਦੇ ਹਨ। ■

ਆਤਮ-ਮੰਥਨ

ਅਪਣਾ ਗਿਆਨ ਵਧਾਓ

ਸਮੇਂ ਅਨੁਸਾਰ-ਇਤਿਹਾਸਕ-ਸਾਹਿਤਕ

1. 15 ਅਗਸਤ ਨੂੰ 'ਮੁਕਤੀ ਦਿਵਸ' ਦੇ ਰੂਪ ਵਿਚ ਮਨਾਉਣ ਦੀ ਘੋਸ਼ਣਾ ਕਿਹੜੇ ਸਾਲ ਕੀਤੀ ਗਈ ?

ਕ. 1978 ਖ. 1979 ਗ. 1976 ਘ. 1980

2. ਮਿਸ਼ਨ ਦੇ ਪਹਿਲੇ ਪ੍ਰਧਾਨ ਲਾਭ ਸਿੰਘ ਜੀ ਪ੍ਰਚਾਰ ਯਾਤਰਾ ਦੇ ਦੌਰਾਨ ਕਿਹੜੇ ਸ਼ਹਿਰ ਵਿਚ ਬ੍ਰਹਮਲੀਨ ਹੋਏ ?

ਕ. ਨੈਨੀਤਾਲ ਖ. ਦਿੱਲੀ
ਗ. ਅਲਮੋੜਾ ਘ. ਜਲੰਧਰ

3. ਮਹਾਂਰਾਸ਼ਟਰ ਦਾ ਪਹਿਲਾਂ ਸੰਤ ਨਿਰੰਕਾਰੀ ਸਤਿਸੰਗ ਭਵਨ ਕਿਥੇ ਬਣਿਆ ?

ਕ. ਦਾਦਰ ਖ. ਪੁਣੇ ਗ. ਥਾਣੇ ਘ. ਕੋਹਲਾਪੁਰ

4. ਕਨਾਡਾ ਵਿਚ ਸੰਤ ਨਿਰੰਕਾਰੀ ਮਿਸ਼ਨ ਦੇ ਪ੍ਰਧਾਨ ਦੀ ਸੇਵਾ ਕੌਣ ਕਰ ਰਹੇ ਹਨ ?

ਕ. ਡਾ. ਬੱਬੀ ਸੁਰਾ ਜੀ
ਖ. ਸ਼੍ਰੀ ਬਲਦੇਵ ਅਰੋੜਾ ਜੀ
ਗ. ਸ਼੍ਰੀ ਇਕਬਾਲਜੀਤ ਰਾਏ ਜੀ
ਘ. ਸ਼੍ਰੀ ਸੁਰਜੀਤ ਅਰਨੇਜਾ ਜੀ

5. ਜਗਤਮਾਤਾ ਬੁਧਵੰਤੀ ਜੀ ਕਦੋਂ ਬ੍ਰਹਮਲੀਨ ਹੋਏ ?

ਕ. 15 ਅਗਸਤ 1964 ਖ. 15 ਅਗਸਤ 1967
ਗ. 15 ਅਗਸਤ 1966 ਘ. 15 ਅਗਸਤ 1963

6. ਬੇਰਾਂ ਦੀਆਂ ਲਾਈਨਾਂ ਬਣਾ ਕੇ ਨਿਮਸਕਾਰ ਦੀਆਂ ਲੰਬੀਆਂ ਲਾਈਨਾਂ ਲੱਗਣ ਦੀ ਭਵਿੱਖਬਾਣੀ ਕਰਨ ਵਾਲੇ ਮਹਾਤਮਾ ਕੌਣ ਸਨ ?

ਕ. ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ
ਖ. ਬਾਬਾ ਬੂਟਾ ਸਿੰਘ ਜੀ
ਗ. ਮਹਾਤਮਾ ਸੰਤੋਖ ਸਿੰਘ ਜੀ
ਘ. ਮਹਾਤਮਾ ਅਮਰ ਸਿੰਘ ਜੀ

7. ਮਹਾਤਮਾ ਭਾਗ ਸਿੰਘ ਜੀ ਨੂੰ ਨਿਰੰਕਾਰੀ ਮਿਸ਼ਨ ਵਿਚ ਕਿਸ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ ?

ਕ. ਕਬੀਰ ਜੀ ਖ. ਲਾਲੋ ਜੀ
ਗ. ਬੁਲ੍ਹੇਸ਼ਾਹ ਜੀ ਘ. ਬਾਬਾ ਬੁੱਢਾ ਜੀ

8. ਨਿਰੰਕਾਰੀ ਮਿਸ਼ਨ ਵਿਚ 'ਗੁਰਮੱਤ ਦੀ ਯੂਨੀਵਰਸਿਟੀ' ਕਿਸ ਸ਼ਹਿਰ ਨੂੰ ਕਿਹਾ ਜਾਂਦਾ ਹੈ ?

ਕ. ਮੁੰਬਈ ਖ. ਪਟਿਆਲਾ
ਗ. ਅੰਮ੍ਰਿਤਸਰ ਘ. ਲੁਧਿਆਣਾ

ਧਾਰਮਿਕ-ਇਤਿਹਾਸਕ

9. ਭਗਵਾਨ ਸ਼੍ਰੀਰਾਮ ਦੇ ਛੂਹਣ ਨਾਲ ਕਿਹੜੀ ਔਰਤ ਪੱਥਰ ਦੀ ਮੂਰਤੀ ਤੋਂ ਜੀਵੰਤ ਰੂਪ ਵਿਚ ਤਬਦੀਲ ਹੋ ਗਈ ਸੀ ?

ਕ. ਸ਼ਬਰੀ ਖ. ਕੌਸ਼ਲਿਆ
ਗ. ਮੰਦੋਦਰੀ ਘ. ਅਹਿੱਲਯਾ

10. ਮਾਤਾ ਸੀਤਾ ਜੀ ਨੂੰ ਹਰਣ ਕਰ ਕੇ ਲੈ ਜਾਂਦੇ ਰਾਵਣ ਨੂੰ ਰੋਕਣ ਦਾ ਜਤਨ ਕਰਦਿਆਂ ਕਿਹੜੇ ਪੰਛੀ ਨੇ ਅਪਣੇ ਪ੍ਰਾਣ ਤਿਆਗੇ ਸਨ ?

ਕ. ਮੋਰ ਖ. ਇੱਲ
ਗ. ਗਿੱਦ ਘ. ਹੰਸ

11. 'ਡਿਸਕਵਰੀ ਆਫ ਇੰਡੀਆ' ਦਾ ਲੇਖਕ ਕੌਣ ਹੈ ?

ਕ. ਪੰਡਿਤ ਜਵਾਹਰ ਲਾਲ ਨਹਿਰੂ
ਖ. ਲਾਲਾ ਲਾਜਪਤ ਰਾਏ
ਗ. ਸੁਭਾਸ਼ ਚੰਦਰ ਬੋਸ
ਘ. ਮਹਾਤਮਾ ਗਾਂਧੀ

12. ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਮਾਤਾ ਦਾ ਕੀ ਨਾਂ ਸੀ?

ਕ. ਸ਼ਕੁਤਲਾ ਨਹਿਰੂ ਖ. ਕਮਲਾ ਨਹਿਰੂ
ਗ. ਉਰਮਿਲਾ ਨਹਿਰੂ ਘ. ਬਿਮਲਾ ਨਹਿਰੂ

13. ਸ਼੍ਰੀ ਗੁਰੂ ਤੇਗ ਬਹਾਦੁਰ ਜੀ ਸਿੱਖ ਧਰਮ ਦੇ ਕਿੰਨਵੇਂ ਗੁਰੂ ਸਨ ?

ਕ. ਛੇਵੇਂ ਖ. ਸੱਤਵੇਂ ਗ. ਨੌਵੇਂ ਘ. ਦੱਸਵੇਂ

ਨੈਤਿਕ-ਵਿਚਾਰਕ

14. ਸੰਤ ਨਿਰੰਕਾਰੀ ਮਿਸ਼ਨ ਵਲੋਂ ਸਮੁੱਚੇ ਵਿਸ਼ਵ ਵਿਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕਦੋਂ ਕੀਤੀ ਗਈ ?

ਕ. 15 ਅਗਸਤ 2008 ਖ. 14 ਨਵੰਬਰ 2008
ਗ. 24 ਅਪ੍ਰੈਲ 2008 ਘ. 23 ਫਰਵਰੀ 2009

15.ਅਧਿਆਤਮ ਦਾ ਸਿੱਧਾ ਸੰਬੰਧ ਕਿਸ ਨਾਲ ਹੈ ?

ਕ. ਆਤਮਾ-ਪਰਮਾਤਮਾ ਨਾਲ
ਖ. ਦਾਨ-ਪੁੰਨ ਨਾਲ
ਗ. ਸਮਾਜ ਉਥੱਾਨ ਨਾਲ
ਘ. ਧਾਰਮਿਕ ਰੀਤੀ-ਰਿਵਾਜਾਂ ਨਾਲ

(ਸਹੀ ਜਵਾਬ ਕਿਸੇ ਹੋਰ ਪੰਨੇ ਤੇ ਵੇਖੋ)

ਅਧਿਆਤਮ ਨਾਲ ਹੀ ਆਤਮਿਕ ਸੰਭਾਲ

ਓ ਨਰਿੰਜਨ ਸਿੰਘ 'ਨਰਿੰਜਨ' (ਬਠਿੰਡਾ)

ਸਤਿਗੁਰੂ ਵੱਲੋਂ ਦੱਸੀ ਵਿਧੀ ਨਾਲ ਵਿਚਰਨ ਕੀਤਿਆਂ ਆਤਮਾ ਜਾਗ੍ਰਿਤ ਅਵਸਥਾ ਵਿਚ ਆਉਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨਸਾਨ ਦਾ ਆਤਮਿਕ ਵਿਕਾਸ ਹੋਣਾ ਸੰਭਵ ਹੋ ਜਾਂਦਾ ਹੈ। ਭਾਵ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਇਨਸਾਨ ਅਧਿਆਤਮਿਕਤਾ ਵਿਚ ਰਚ ਸਕਦਾ ਹੈ।

ਅਧਿਆਤਮ ਇਕ ਅਜਿਹਾ ਵਿਸ਼ਾ ਹੈ ਜੋ ਸਾਨੂੰ ਆਤਮਿਕ ਵਿਸ਼ੇ ਨਾਲ ਜੋੜਦਾ ਹੈ ਅਤੇ ਪਰਮਾਤਮਾ ਨੂੰ ਜਾਨਣ ਲਈ ਜ਼ੋਰ ਪਾਉਂਦਾ ਹੈ। ਅਧਿਆਤਮ ਇਕ ਅਜਿਹੀ ਕੜੀ ਹੈ ਜੋ ਇਨਸਾਨੀ ਮਨ ਦੇ ਵਿਚਾਰਾਂ ਨੂੰ ਸਤਿਗੁਰੂ ਵਲ ਭੇਜਦੀ ਹੈ ਅਤੇ ਆਤਮਾ ਤੇ ਪਰਮਾਤਮਾ ਦਾ ਮੇਲ ਕਰਾਉਂਦੀ ਹੈ। ਆਤਮਾ ਦਾ ਕੋਈ ਰੂਪ-ਰੰਗ-ਰੇਖ ਨਹੀਂ ਹੈ। ਪਹਿਲਾਂ ਆਤਮਾ ਵਸਤੂ ਮੌਜੂਦ ਹੈ ਫਿਰ ਹੀ ਬਾਦ ਵਿਚ ਸ਼ਬਦ ਹੋਂਦ ਵਿਚ ਆਇਆ, ਆਤਮਾ ਤੋਂ ਵੀ ਪਹਿਲਾਂ ਪਰਮਾਤਮਾ ਹੈ ਜਿਸ ਦੀ ਵਜ੍ਹਾ ਕਰਕੇ ਹੀ ਸਭ ਆਤਮਾਵਾਂ ਮੌਜੂਦ ਹਨ। ਭਿੰਨ-ਭਿੰਨ ਰੂਪਾਂ ਵਿਚ ਉਭਰਿਆ ਰੱਬੀ ਨੂਰ ਭਿੰਨ-ਭਿੰਨ ਸਕਲਾਂ ਵਿਚ ਵਿਖਾਈ ਦਿੰਦਾ ਹੈ। ਭਿੰਨ-ਭਿੰਨ ਸਕਲਾਂ ਭਿੰਨ-ਭਿੰਨ ਆਤਮਾਵਾਂ ਤੇ ਆਧਾਰਤ ਹਨ। ਤਮਾਮ ਆਤਮਾਵਾਂ ਦੇ ਵਿਚ ਕਿਤੇ ਕੋਈ ਤਰੇੜ ਨਹੀਂ, ਜੋੜ ਨਹੀਂ, ਫਾਸਲਾ ਨਹੀਂ, ਕਿਉਂਕਿ ਇਨ੍ਹਾਂ ਦਾ ਮੂਲ ਪ੍ਰਭੂ-ਪਰਮਾਤਮਾ ਸਰਬ-ਵਿਆਪਕ ਹੈ, ਇਕ ਹੈ। ਪੰਜ ਤੱਤਾਂ ਤਾਂ ਜੋ ਸਰੀਰ ਨਜ਼ਰ ਆ ਰਿਹਾ ਹੈ ਇਸ ਵਿਚ ਜੋ ਜਾਨ ਹੈ, ਆਤਮਾ ਹੈ, ਇਹ ਦੂਜੀ ਆਤਮਾ ਤੋਂ ਅਲਗ ਨਹੀਂ ਹੈ। ਪੰਜ ਤੱਤਾਂ ਦੇ ਜੋ ਸਰੀਰ ਵਿਚ ਨਜ਼ਰ ਆ ਰਹੇ ਹਨ ਜੇਕਰ ਦੇਖੀਏ ਤਾਂ ਇਹ ਵੀ ਇਕ ਦੂਜੇ ਤੋਂ ਵੱਖ ਨਹੀਂ ਕਿਉਂਕਿ ਜੋ ਸਰੀਰ ਵਿਚ ਪੰਜ ਤੱਤ ਲੱਗੇ ਹਨ ਇਨ੍ਹਾਂ ਦਾ ਆਧਾਰ ਕੇਂਦਰ ਬਾਹਰ ਵਿਸ਼ਾਲ ਰੂਪ ਵਿਚ ਇਕ ਹੈ। ਪਾਣੀ, ਅੱਗ, ਹਵਾ, ਮਿੱਟੀ, ਆਵਾਜ਼ ਬਾਹਰ ਵਿਸ਼ਾਲ ਰੂਪ ਵਿਚ ਹਨ ਅਤੇ ਹਰ ਪ੍ਰਾਣੀ ਨੂੰ ਸਾਂਝੇ ਕੇਂਦਰ ਵਿਚੋਂ ਸਾਰੇ ਤੱਤ ਪ੍ਰਦਾਨ ਹੋ ਰਹੇ ਹਨ। ਇਸ ਤਰ੍ਹਾਂ ਇਹ ਸ਼ਰੀਰਕ ਰੂਪ ਵਿਚ ਵੀ ਜੋ ਚੀਜ਼ਾਂ ਦਿਸ ਰਹੀਆਂ ਹਨ, ਇਹ ਇਕ ਦੂਜੇ ਤੋਂ ਵੱਖਰੀਆਂ ਨਹੀਂ ਹਨ, ਇਕ-ਦੂਜੇ ਨਾਲ ਮੇਲ ਖਾਂਦੀਆਂ ਹਨ। ਭਾਵ ਸਭ ਚੀਜ਼ਾਂ ਭਿੰਨ-ਭਿੰਨ ਵਿਖਾਈ ਦੇ ਕੇ ਵੀ ਇਕ ਹਨ। ਅਧਿਆਤਮ ਸਾਨੂੰ ਵਿਭਿੰਨਤਾ ਵਿਚ ਏਕਤਾ ਦਰਸਾਉਣ ਦਾ ਮਾਰਗ ਹੈ।

ਇਨਸਾਨ ਨੂੰ ਇਹ ਜਨਮ ਮਿਲਿਆ ਹੀ ਅਧਿਆਤਮ ਲਈ ਹੈ ਅਰਥਾਤ ਆਤਮਾ ਦਾ ਅਧਿਐਨ, ਆਤਮਿਕ ਪੜਾਈ ਕਰਨ ਲਈ ਪਰ ਇਹ ਆਤਮਿਕ ਅਧਿਐਨ, ਆਤਮਿਕ ਪੜਾਈ ਤਾਂ ਇਸ ਦੇ ਉਸਤਾਦ ਮਾਸਟਰ ਕੋਲ ਜਾ ਕੇ ਵੀ ਸਿੱਖੀ ਜਾ ਸਕਦੀ ਹੈ- ਜਿਵੇਂ ਬਾਕੀ ਇਲਮ ਉਸਤਾਦ ਤੋਂ ਬਗੈਰ ਨਹੀਂ ਸਿਖੇ ਜਾ ਸਕਦੇ, ਇਸੇ ਤਰ੍ਹਾਂ ਆਤਮਿਕ ਅਧਿਐਨ ਅਰਥਾਤ ਅਧਿਆਤਮ ਵੀ ਸਤਿਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਹੋ ਸਕਦਾ। ਅਜਿਹਾ ਅਧਿਐਨ ਕਰਨ ਲਈ ਸਤਿਗੁਰੂ ਦੀ ਲੋੜ ਪੈਂਦੀ ਹੈ।

ਜਿਵੇਂ ਦੁਨਿਆਵੀ ਪ੍ਰਾਪਤੀਆਂ ਕਰਨ ਵਾਸਤੇ ਸਾਨੂੰ ਨੀਂਦ ਦਾ ਤਿਆਗ ਕਰਨਾ ਪੈਂਦਾ ਹੈ, ਜਾਗਣਾ ਪੈਂਦਾ ਹੈ, ਇਸੀ ਤਰ੍ਹਾਂ ਆਤਮਿਕ ਸੰਭਾਲ ਲਈ ਆਤਮਿਕ ਤੌਰ ਤੇ ਜਾਗਣ ਦੀ ਲੋੜ ਹੈ। ਸਤਿਗੁਰੂ ਦੀ ਪ੍ਰਾਪਤੀ ਤੋਂ ਬਗੈਰ ਆਤਮਿਕ ਜਾਗ੍ਰਤੀ ਨਹੀਂ ਹੋ ਸਕਦੀ ਅਤੇ ਅਧਿਆਤਮ ਤੋਂ ਬਗੈਰ ਇਨਸਾਨ ਜਾਗ ਨਹੀਂ ਸਕਦਾ। ਲੰਮੀ ਉਮਰ ਹੰਡਾ ਕੇ ਵੀ ਇਨਸਾਨ ਸੁੱਤੇ ਦਾ ਸੁੱਤਾ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ ਇਸ ਕਰਕੇ ਸੰਤ ਮਹਾਤਮਾ ਯਾਦ ਕਰਾਉਂਦੇ ਹਨ ਕਿ - ਇਨਸਾਨ ਇਹ ਸਮਾਂ ਆਤਮਾ ਨੂੰ ਜਗਾਉਣ ਲਈ ਮਿਲਿਆ ਹੈ। ਸਾਰੀ ਪ੍ਰਕ੍ਰਿਤੀ ਸੂਰਜ, ਚੰਨ, ਤਾਰੇ, ਧਰਤੀ, ਅੱਗ, ਪਾਣੀ, ਹਵਾ, ਆਵਾਜ਼ ਦੇ ਆਧਾਰ ਤੇ ਸ੍ਰਿਸਟੀ ਚਲ ਰਹੀ ਹੈ ਅਤੇ ਸਾਡੇ ਸਰੀਰ ਵਿਚ ਲੱਗੇ ਇਨ੍ਹਾਂ ਵਿਸ਼ਾਲ ਤੱਤਾਂ ਤੋਂ ਪ੍ਰਾਪਤੀ ਕਰ ਰਹੇ ਹਨ ਪਰ ਇਨ੍ਹਾਂ ਪੰਜ ਤੱਤਾਂ ਦੇ ਸਮੂਹ ਵਿਚ ਜੋ ਆਤਮਾ ਹੈ, ਇਹ ਚਿਰਾਂ-ਚਿਰਾਂ ਦੀ ਨੀਂਦ ਵਿਚ ਸੁੱਤੀ ਹੋਈ ਹੈ, ਆਪਣੇ ਆਪ ਨੂੰ ਵੀ ਸਰੀਰ ਮੰਨੀ ਬੈਠੀ ਹੈ। ਪਰ ਸਤਿਗੁਰੂ ਵੱਲੋਂ ਦੱਸੀ ਵਿਧੀ ਨਾਲ ਵਿਚਰਨ ਕੀਤਿਆਂ ਆਤਮਾ ਜਾਗ੍ਰਿਤ ਅਵਸਥਾ ਵਿਚ ਆਉਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨਸਾਨ ਦਾ ਆਤਮਿਕ ਵਿਕਾਸ ਹੋਣਾ ਸੰਭਵ ਹੋ ਜਾਂਦਾ ਹੈ। ਭਾਵ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਇਨਸਾਨ ਅਧਿਆਤਮਿਕਤਾ ਵਿਚ ਰਚ ਸਕਦਾ ਹੈ। ਕੋਈ ਵੀ ਹੋਰ ਅਜਿਹੀ ਚੀਜ਼ ਨਹੀਂ ਜਿਸ ਨਾਲ ਇਨਸਾਨ ਜਾਗ ਸਕੇ। ਆਤਮਿਕ ਰੂਪ ਵਿਚ ਜਾਗ੍ਰਿਤ ਵਿਅਕਤੀ ਨੂੰ ਹੀ ਅਧਿਆਤਮਿਕ ਕਿਹਾ ਜਾਂਦਾ ਹੈ। ■

ਗੀਤ - ਗੁਲਜ਼ਾਰ

ਅਧਿਆਤਮਿਕ ਲਹਿਰ ਚਲਾਉਂਦੇ ਹਾਂ

ਗਿਆਨ-ਕਰਮ (ਪਟਿਆਲਾ)

ਮਿਲਵਰਤਨ ਤੇ ਅਮਨ ਚੈਨ ਲਈ
ਹਰਪਲ ਕਦਮ ਉਠਾਂਦੇ ਹਾਂ।
ਸਾਰੀ ਦੁਨੀਆਂ ਹੀ ਆਪਣੀ ਹੈ
ਅਸੀਂ ਭਲਾ ਹਰ ਇਕ ਦਾ ਚਾਹੁੰਦੇ ਹਾਂ।
ਜੇਕਰ ਘਰ ਪੜੋਸੀ ਦੇ ਭਰਪੂਰ ਚਾਨਣਾ ਹੋਵੇਗਾ,
ਹਨ੍ਹੇਰਾ ਮੇਰਾ ਘਰ ਤੋਂ ਵੀ ਕੁਝ ਤਾਂ ਦੂਰ ਖਲੋਵੇਗਾ,
ਸਭਨਾਂ ਦੇ ਭਲੇ ਵਿਚ ਆਪਣਾ ਭਲਾ
ਇਹ ਬਾਰ - ਬਾਰ ਦੋਹਰਾਂਦੇ ਹਾਂ,
ਸਾਰੀ ਦੁਨੀਆਂ ਹੀ . . .
ਸਾਡਾ ਤਾਂ ਕਿਸੇ ਨਾਲ ਵੈਰ ਨਹੀਂ
ਸਾਡੇ ਲਈ ਕੋਈ ਗੈਰ ਨਹੀਂ,
ਜਿਸ ਨੂੰ ਨਾ ਆਪਣਾ ਕਹਿ ਸਕੀਏ
ਕੋਈ ਦੇਸ਼ - ਪ੍ਰਾਂਤ ਜਾਂ ਸ਼ਹਿਰ ਨਹੀਂ,
ਅਧਿਆਤਮਵਾਦ ਫੈਲਾਣ ਲਈ
ਅਧਿਆਤਮਿਕ ਲਹਿਰ ਚਲਾਉਂਦੇ ਹਾਂ,
ਸਾਰੀ ਦੁਨੀਆਂ ਹੀ . . .
ਅਧਿਆਤਮਿਕ ਲਹਿਰ ਨਿਰੰਕਾਰੀ ਮਿਸ਼ਨ
ਜੋ ਪਿਆਰ ਦੀ ਨੀਹ ਤੇ ਟਿਕਿਆ ਏ,
ਹਰ ਹਿਰਦੇ ਤਕ ਪਹੁੰਚਾ ਰਿਹਾ
ਅਧਿਆਤਮਵਾਦ ਦੀ ਸਿਖਿਆ ਏ,
ਅਸੀਂ ਇਕੋ ਪਿਉ ਦੇ ਪੁੱਤਰ ਹਾਂ
ਕਿਉਂ ਵੱਖਰੇ ਪਏ ਅਖਵਾਂਦੇ ਹਾਂ,
ਸਾਰੀ ਦੁਨੀਆ ਹੀ . . .
ਅਧਿਆਤਮਵਾਦ ਫੈਲਾਣ ਲਈ
ਗੁਰੂ-ਪੀਰ-ਪੈਗੰਬਰ ਆਉਂਦੇ ਨੇ,
ਪ੍ਰੀਤ, ਪਿਆਰ 'ਗਿਆਨ-ਕਰਮ'
ਭਗਤੀ ਦਾ ਪਾਠ ਪੜਾਉਂਦੇ ਨੇ,
ਅੱਜ ਵੀ ਆਏ ਹਰਦੇਵ ਗੁਰੂ,
ਹਰ ਇਕ ਨੂੰ ਪਏ ਸੁਣਾਂਦੇ ਹਾਂ,
ਸਾਰੀ ਦੁਨੀਆਂ ਹੀ . . .

ਅਧਿਆਤਮਿਕ ਗਿਆਨ ਦੇਂਦਾ ਪਿਆ

"ਬਾਬੂ-ਓਮੀ" (ਦਿੱਲੀ)

ਅਧਿਆਤਮਿਕ ਏ ਮਿਸ਼ਨ ਦੇਸਤੋ
ਅਧਿਆਤਮਿਕ ਗਿਆਨ ਦੇਂਦਾ ਪਿਆ,
ਸੱਚੇ ਧਰਮ ਸੱਚੇ ਈਮਾਨ ਦੀ
ਦੁਨੀਆਂ ਨੂੰ ਪਹਿਚਾਨ ਦੇਂਦਾ ਪਿਆ।
ਅਧਿਆਤਮਿਕ ਸਤਿਗੁਰੂ ਜਦ ਮਿਲੇ
ਰਬ ਨਾਲ ਮਿਲਦੀ ਏ ਤਦ ਆਤਮਾ,
ਮਨ ਰੱਬੀ ਰੰਗ ਵਿਚ ਰੰਗ ਜਾਂਦਾ ਏ
ਚਹੁੰ ਪਾਸੇ ਦਿਸਦਾ ਏ ਪਰਮਾਤਮਾ,
ਕੱਚ ਦਾ ਨਹੀਂ ਸਚ ਦਾ ਵਿਉਪਾਰੀ ਹੈ
ਏ ਸਜਦੇ 'ਚ ਵਰਦਾਨ ਦੇਂਦਾ ਪਿਆ,
ਅਧਿਆਤਮਿਕ ਏ ਮਿਸ਼ਨ ਦੇਸਤੋ . . .
ਪ੍ਰੇਮ ਨਿਮਰਤਾ ਤੇ ਭਗਤੀ ਵਾਲੇ
ਗੁਣ ਸਾਰੇ ਜੀਵਨ 'ਚ ਆ ਜਾਂਦੇ ਨੇ,
ਗੁਣ ਸੰਤਾਂ ਵਾਲੇ ਇਸ ਇਨਸਾਨ ਨੂੰ
ਆ ਕੇ ਫਰਿਸ਼ਤਾ ਬਣਾ ਜਾਂਦੇ ਨੇ,
ਹਰ ਸਵਾਸ ਤੂੰਹੀ ਤੂੰਹੀ ਬੋਲਦਾ
ਐਸੀ ਏ ਸੁਰਤਾਲ ਦੇਂਦਾ ਪਿਆ,
ਅਧਿਆਤਮਿਕ ਏ ਮਿਸ਼ਨ ਦੇਸਤੋ . . .
ਪਾਵਨ ਪਵਿੱਤਰ ਇਲਾਹੀ ਬਚਨ
ਮੁਰਸ਼ਦ ਦੀ ਵਾਣੀ ਚੋਂ ਡੁਲਦੇ ਜਦੋਂ,
ਅਧਿਆਤਮਿਕਵਾਦ ਦੇ ਭੇਦ ਤਾਂ
ਸਾਰੇ ਦੇ ਸਾਰੇ ਨੇ ਖੁਲਦੇ ਓਹਦੋਂ,
ਗੁੱਝੀ ਬੁਝਾਰਤ ਏ 'ਬਾਬੂ-ਓਮੀ'
ਅੱਜ ਕਰ ਕੇ ਆਸਾਨ ਦੇਂਦਾ ਪਿਆ,
ਅਧਿਆਤਮਿਕ ਏ ਮਿਸ਼ਨ ਦੇਸਤੋ . . .

ਅਧਿਆਤਮਿਕ ਗੁਣ ਇਕ ਵਰਦਾਨ

ਓ ਐਸ.ਆਰ.ਭੱਟੀ (ਫਗਵਾੜਾ)

ਗੁਰੂ ਰਵਿਦਾਸ ਜੀ

ਅਧਿਆਤਮਿਕ ਪ੍ਰਵਿਰਤੀ ਵਾਲੇ ਇਨਸਾਨ ਦਾ ਚਿੱਤਰ ਇਕ ਖੁਲ੍ਹੀ ਕਿਤਾਬ ਵਾਂਗ ਹੁੰਦਾ ਹੈ ਅਤੇ ਭਾਵਨਾਵਾਂ ਸੁੰਦਰ ਤੇ ਗਿਆਨ ਭਰਪੂਰ।

ਮਾਨਵੀ ਗੁਣਾਂ ਵਿਚੋਂ ਅਧਿਆਤਮਿਕ ਗੁਣ ਇਕ ਉਹ ਸੀਸ਼ਾ ਹੈ। ਜਿਸ ਵਿਚੋਂ ਪਵਿੱਤਰਤਾ, ਪਾਰਦਸ਼ਤਾ, ਸ਼ਾਂਤੀ, ਖੁਸ਼ਹਾਲੀ ਤੇ ਪ੍ਰਸੰਨਤਾ ਦੀਆਂ ਝਲਕਾਂ ਨਜ਼ਰ ਆਉਂਦੀਆਂ ਹਨ। ਅਧਿਆਤਮਿਕ ਪ੍ਰਵਿਰਤੀ ਵਾਲੇ ਇਨਸਾਨ ਦਾ ਚਿੱਤਰ ਇਕ ਖੁਲ੍ਹੀ ਕਿਤਾਬ ਵਾਂਗ ਹੁੰਦਾ ਹੈ ਅਤੇ ਭਾਵਨਾਵਾਂ ਸੁੰਦਰ ਤੇ ਗਿਆਨ ਭਰਪੂਰ। ਐਸੀ ਰੱਬੀ ਪੁਰਸ਼ਾਂ ਦੀ ਦ੍ਰਿਸ਼ਟੀ ਪੈਂਦਿਆਂ ਹੀ ਪੱਥਰ ਦਿਲ ਇਨਸਾਨ ਵੀ ਪਿਘਲ ਜਾਂਦੇ ਹਨ। ਉਹ ਜ਼ਾਤਾਂ-ਪਾਤਾਂ ਦੀ ਦਲਦਲ ਤੋਂ ਨਿਰਲੇਪ, ਪਿਆਰ, ਦਇਆ, ਕਰੁਣਾ ਵਰਗੇ ਗੁਣਾਂ ਦੀ ਰੋਸਨੀ ਹੀ ਸੰਸਾਰ ਵਿਚ ਫੈਲਾਉਣ ਦੇ ਯਤਨ ਕਰਦੇ ਹਨ। ਉਹਨਾਂ ਵਾਸਤੇ ਨਾ ਕੋਈ ਨਿਰਧਨ ਹੁੰਦਾ ਹੈ, ਨਾ ਧੰਨਵਾਨ, ਨਾ ਕੋਈ ਕਮਜ਼ੋਰ ਹੁੰਦਾ ਹੈ, ਨਾ ਬਲਵਾਨ। ਨਾ ਕੋਈ ਰੰਗ, ਨਸਲ ਦਾ ਭੇਦਭਾਵ, ਨਾ ਭਾਸ਼ਾ ਮੁਲਕ ਦਾ ਸਵਾਲ। ਉਹ ਤਾਂ ਸਾਰੇ ਵਿਸ਼ਵ ਨੂੰ ਇਕ ਪਰਿਵਾਰ ਸਮਝਦੇ ਹਨ ਤੇ ਹਰ ਬਸ਼ਰ ਨੂੰ ਇਕ ਰੱਬ ਦਾ ਨੂਰ। ਧਾਰਮਿਕ ਪ੍ਰਵਿਰਤੀ ਵਾਲੇ ਇਨਸਾਨ ਨੂੰ ਸੰਸਾਰ ਦਾ ਕੋਈ ਬਸ਼ਰ ਪਰਾਇਆ ਨਹੀਂ ਲਗਦਾ। ਸਾਰੇ ਹੀ ਆਪਣੇ ਲਗਦੇ ਹਨ। ਕਿਸ ਨਾਲ ਕਰੋਗੇ ਵੈਰ ? ਕਿਸਦਾ ਕਰੋਗੇ ਵਿਰੋਧ ? ਐਸੀਆਂ ਭਾਵਨਾਵਾਂ ਭਰਪੂਰ ਇਨਸਾਨ, ਬੰਦੇ ਨੂੰ ਬੰਦੇ ਨਾਲ ਜੋੜਦੇ ਹਨ। ਉਹ ਇਕ ਐਸੇ ਖੂਬਸੂਰਤ ਤੇ ਪਾਏਦਾਰ ਸਮਾਜ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰਦੇ ਹਨ ਸਮਾਨਤਾ ਹੋਵੇ। ਅਦਲ ਇਨਸਾਫ਼, ਨਿਆਂ ਹਰ ਇਕ ਨੂੰ ਪੂਰਨ ਮਿਲੇ। ਗੁਰੂ ਰਵਿਦਾਸ ਜੀ ਵੀ ਐਸੇ ਅਧਿਆਤਮਿਕ ਸਮਾਜ ਦੀ ਕਲਪਨਾ ਕਰਦੇ ਫਰਮਾਉਂਦੇ ਹਨ :-

ਬੇਗਮਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨਾ ਖਤਾ ਨਾ ਤਰਸੁ ਜਵਾਲੁ।।

ਇਹ ਅਧਿਆਤਮਕ ਦ੍ਰਿਸ਼ਟੀ ਦੀ ਹੀ ਕਰਾਮਾਤ ਹੈ ਜਿਸਨੇ ਕੌਡੇ ਵਰਗੇ ਰਾਕਸ਼ਸ, ਸੱਜਣ ਠੱਗ ਅਤੇ ਗਣਕਾਂ ਵਰਗੀ ਪਾਪਣ ਨੂੰ ਇਕ ਛਿੰਨ ਵਿਚ ਬਖਸ਼ ਕੇ ਇਸ ਅਧਿਆਤਮਿਕ ਲਹਿਰ ਵਿਚ ਡੁਬੇ ਕੇ ਭਗਤਾਂ ਦੀ ਸ਼੍ਰੇਣੀ ਦੇ ਦਰਜ਼ੇ ਤਕ ਪਹੁੰਚਾ ਦਿੱਤਾ।

ਅਧਿਆਤਮ ਗੁਣਾਂ ਵਾਲੇ ਇਨਸਾਨ ਨਾ ਸਲੀਬ ਤੋਂ ਡਰੇ, ਨਾ ਤੱਤੀਆਂ ਤਵੀਆਂ ਤੇ ਉਬਲਦੀਆਂ ਦੇਗਾਂ ਤੋਂ। ਖੁਦ ਸੀਸ ਕਟਾਉਣ ਲਈ ਦੁਸ਼ਮਣ ਦੀ ਤਲਵਾਰ ਬਣ ਜਾਣਾ ਉਨ੍ਹਾਂ ਲਈ ਇਕ ਖੇਡ ਤੋਂ ਵੱਧ ਕੁਝ

ਨਹੀਂ। ਅਧਿਆਤਮਿਕ ਸੋਚ ਤੇ ਦ੍ਰਿੜਤਾ ਦੇ ਹਾਮੀ ਤਾਂ ਆਪਣੇ ਪਰਿਵਾਰ ਤਕ ਨਿਛਾਵਰ ਕਰਨ ਵੇਲੇ ਵੀ ਨਾ ਡਗਮਗਾਏ। ਤਾਅਨੇ-ਮਹਿਣੇ, ਔਕੜਾਂ ਤੇ ਰੁਕਾਵਟਾਂ ਭਲਾ ਉਹਨਾਂ ਦਾ ਕੀ ਵਿਗਾੜ ਸਕਦੇ ਸਨ। ਦੁਸ਼ਮਣ ਦੇ ਮਨ ਦੀ ਮੁਰਾਦ ਪੂਰੀ ਕਰਨ ਲਈ ਖੁਦ ਹੀ ਦੁਸ਼ਮਣ ਦੀ ਗੋਲੀ ਦਾ ਨਿਸ਼ਾਨਾ ਬਣ ਜਾਣਾ, ਕਿਤੇ ਵਿਸ਼ਾਲ ਹਿਰਦੇ ਭਲੇ ਮਸੀਹਾ ਦਾ ਦਲੇਰਾਨਾ ਕਦਮ ਹੈ। ਨਫ਼ਰਤ ਰੂਪੀ ਅੱਗ ਨੂੰ ਠੰਡਾ ਕਰਨ ਲਈ ਸਿਰਫ ਇਕੋ ਇਕ ਰਾਹ ਹੈ, ਅਧਿਆਤਮਿਕ ਸੋਚ। ਸੰਸਾਰ ਵਿਚ ਫੈਲ ਰਹੀ ਨਾ-ਬਰਾਬਰੀ, ਕਟੜਤਾ ਤੇ ਵਖਰੇਵੇਂ-ਪਨ ਦੀ ਖੌਫ਼ਨਾਕ ਹਨ੍ਹੇਰੀ ਨੂੰ ਠੱਲ ਪਾਉਣ ਲਈ ਅਧਿਆਤਮਿਕ ਹੀ ਇਕੋ ਇਕ ਹੈ ਜੋ ਪ੍ਰੀਤ-ਪਿਆਰ, ਸਤਿਕਾਰ ਤੇ ਸਹਿਨਸ਼ੀਲਤਾ ਨਾਲ ਜੀਵਨ ਜਿਉਣ ਦੀ ਕਲਾ ਸਿਖਾਉਂਦੀ ਹੈ।

ਜਿਨ੍ਹਾਂ - ਜਿਨ੍ਹਾਂ ਨੇ ਵੀ ਅਧਿਆਤਮਿਕ ਪ੍ਰਵਿਰਤੀ ਵਿਚ ਰਹਿ ਕੇ ਜੀਵਨ ਜਿਉਣ ਨੂੰ ਆਪਣੇ ਜੀਵਨ ਦਾ ਆਧਾਰ ਮੰਨਿਆ ਉਹੀ ਅੱਜ ਸੰਸਾਰ ਵਿਚ ਪੂਜੇ ਜਾਂਦੇ ਹਨ। ਭਗਤ ਕਬੀਰ ਜੀ, ਬਾਬਾ ਫਰੀਦ ਜੀ, ਭਗਤ ਰਵਿਦਾਸ ਜੀ, ਭਗਤ ਸੈਨ ਜੀ, ਭਗਤ ਨਾਮਦੇਵ ਜੀ ਤੇ ਭਗਤ ਧੰਨਾ ਜੀ ਆਦਿ ਜਿਨ੍ਹਾਂ ਨੇ ਅਧਿਆਤਮ ਨੂੰ ਹੀ ਆਪਣਾ ਧਰਮ ਸਮਝ ਕੇ ਪ੍ਰਭੂ ਨਿਰੰਕਾਰ ਦਾ ਓਟ ਆਸਰਾ ਲੈ ਕੇ ਜੀਵਨ ਜੀਵਿਆ ਉਹੀ ਅੱਜ ਧਰੁਵ ਤਾਰੇ ਵਾਂਗ ਚਮਕ ਰਹੇ ਹਨ। ਕੀ ਬਿਦਰ ਦਾ ਸੱਚਾ ਸੁੱਚਾ ਅਧਿਆਤਮਿਕ ਜੀਵਨ ਕਿਸੇ ਤੋਂ ਘੱਟ ਸਲਾਹੁਣਯੋਗ ਹੈ? ਜਿਸਨੂੰ ਵੇਖ ਕੇ ਭਗਵਾਨ ਕ੍ਰਿਸਨ ਜੀ ਦੁਰਯੋਧਨ ਦੇ ਅਨੇਕਾਂ ਤਰ੍ਹਾਂ ਦੇ ਭੋਜਨ ਤਿਆਗ ਕੇ ਉਸਦੇ ਘਰ ਦਾ ਅਲੂਣਾ ਸਾਗ ਖਾ ਕੇ ਗਦ-ਗਦ ਹੋ ਗਏ। ਕੀ ਭਾਈ ਲਾਲੋ ਦੀ ਹੱਕ-ਹਲਾਲ ਦੀ ਕਮਾਈ, ਜੀਵਨ ਦੀ ਸਾਦਗੀ ਤੇ ਅਧਿਆਤਮਿਕ ਪ੍ਰਵਿਰਤੀ ਨੂੰ ਕੋਈ ਭੁੱਲ ਸਕਦਾ ਹੈ ਜਿਸ ਤੋਂ ਖੁਸ਼ ਹੋ ਕੇ ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ ਦੇ ਪਕਵਾਨ ਛੱਡ ਕੇ ਭਾਈ ਲਾਲੋ ਦੇ ਘਰ ਕੋਦਰੇ ਦੀ ਰੋਟੀ ਸਵੀਕਾਰ ਕੀਤੀ। ਭਗਵਾਨ ਸ਼੍ਰੀ ਰਾਮ ਚੰਦਰ ਜੀ ਰਿਸੀਆਂ-ਮੁਨੀਆਂ ਤੇ ਵਿਦਵਾਨ ਪੰਡਤਾਂ ਦੇ ਉਚੇ-ਉਚੇ ਆਸ਼ਰਮਾਂ ਨੂੰ ਨਜ਼ਰ-ਅੰਦਾਜ਼ ਕਰਕੇ ਮਾਤਾ ਸ਼ਬਰੀ ਦੀ ਝੌਪੜੀ ਵਿਚ ਆ ਕੇ ਜੂਠੇ ਬੇਰਾਂ ਨੂੰ ਭੋਗ ਲਗਾ ਕੇ ਇਹ ਪ੍ਰਮਾਣਿਤ ਕਰ ਗਏ ਕਿ ਪ੍ਰਭੂ ਨਾ ਰਾਜਪਾਟ ਦੇਖਦਾ ਹੈ, ਨਾ ਧਨ-ਦੌਲਤ, ਇਹ ਤਾਂ ਦੇਖਦਾ ਹੈ ਪ੍ਰੇਮ-ਪਿਆਰ ਦੀ ਉਮੜਦੀ ਹੋਈ ਅਧਿਆਤਮਿਕ ਧਾਰਾ। ਇਸਲਈ ਹੀ

ਜਿਨ੍ਹਾਂ-ਜਿਨ੍ਹਾਂ ਨੇ ਵੀ ਅਧਿਆਤਮਿਕ ਪ੍ਰਵਿਰਤੀ ਵਿਚ ਰਹਿ ਕੇ ਜੀਵਨ ਜਿਉਣ ਨੂੰ ਆਪਣੇ ਜੀਵਨ ਦਾ ਆਧਾਰ ਮੰਨਿਆ ਉਹੀ ਅੱਜ ਸੰਸਾਰ ਵਿਚ ਪੂਜੇ ਜਾਂਦੇ ਹਨ। ਭਗਤ ਕਬੀਰ ਜੀ, ਬਾਬਾ ਫਰੀਦ ਜੀ, ਭਗਤ ਰਵਿਦਾਸ ਜੀ, ਭਗਤ ਸੈਨ ਜੀ, ਭਗਤ ਨਾਮਦੇਵ ਜੀ ਤੇ ਭਗਤ ਧੰਨਾ ਜੀ ਆਦਿ ਜਿਨ੍ਹਾਂ ਨੇ ਅਧਿਆਤਮ ਨੂੰ ਹੀ ਆਪਣਾ ਧਰਮ ਸਮਝ ਕੇ ਪ੍ਰਭੂ ਨਿਰੰਕਾਰ ਦਾ ਓਟ ਆਸਰਾ ਲੈ ਕੇ ਜੀਵਨ ਜੀਵਿਆ ਉਹੀ ਅੱਜ ਧਰੁਵ ਤਾਰੇ ਵਾਂਗ ਚਮਕ ਰਹੇ ਹਨ।

ਕਿਹਾ ਗਿਆ ਹੈ ਕਿ ਪ੍ਰਭੂ ਗਰੀਬ ਨਿਵਾਜ਼ ਹੈ।

ਅਧਿਆਤਮ ਦਾ ਵਿਸ਼ਾ ਹਰ ਸਕੂਲ ਕਾਲਜ ਵਿਚ ਹਰ ਬੱਚੇ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਜਿਸਦਾ ਸਿਲੇਬਸ ਸੰਤਾਂ, ਭਗਤਾਂ, ਗੁਰੂਆਂ, ਅਵਤਾਰਾਂ ਦੇ ਬੁਨਿਆਦੀ ਆਦਰਸ਼ਾਂ ਨੂੰ ਮੁੱਖ ਰੱਖ ਕੇ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਹਰ ਬੱਚੇ ਦੇ ਦਿਲੋਂ ਦਿਮਾਗ ਵਿਚ ਅਧਿਆਤਮ ਦੀ ਹਕੀਕਤ ਜ਼ਹਿਨਸ਼ੀਨ ਹੋ ਜਾਏ ਕਿ ਸ੍ਰਿਸਟੀ ਦਾ ਮਾਲਿਕ ਕਣ-ਕਣ ਵਿਚ ਬਿਰਾਜਮਾਨ ਹੈ। ਜਦ ਬੱਚਾ ਧਰਮ ਦੀ ਠੀਕ ਪਰਿਭਾਸ਼ਾ ਸਮਝ ਲੈਂਦਾ ਹੈ ਤਾਂ ਧਰਮ ਦੇ ਦੂਸ਼ਿਤ ਹੋਣ ਦਾ ਕੋਈ ਡਰ ਨਹੀਂ ਰਹਿੰਦਾ। ਉਹ ਜ਼ਾਤ-ਪਾਤ, ਉਚ-ਨੀਚ, ਨਫ਼ਰਤ-ਘ੍ਰਿਣਾ, ਤੰਗਦਿਲੀ ਦੇ ਦਾਇਰਿਆਂ ਦੀ ਵਲਗਨ ਵਿਚ ਨਹੀਂ ਫਸਦਾ। ਫਿਰਕਾਪ੍ਰਸਤੀ ਤੇ ਵੱਖਵਾਦੀ ਗਰਮ ਹਵਾਵਾਂ ਤੋਂ ਬਚਿਆ ਰਹਿੰਦਾ ਹੈ ਜਿਸ ਨਾਲ ਦੇਸ਼ ਦਾ ਭਵਿੱਖ ਵੀ ਉਜਲਾ ਰਹਿੰਦਾ ਹੈ ਤੇ ਵਿਸ਼ਵ ਭਾਈਚਾਰਾ ਵੀ ਮਜ਼ਬੂਤ ਤੇ ਸਵੱਛ। ■

ਅਧਿਆਤਮ
ਸੱਚ ਦਾ ਮਾਰਗ - ਧਰਮ ਦੀ ਪੌੜੀ

ਅਮਰ ਸਿੰਘ ਕੈਲੇ (ਜਲੰਧਰ)

ਅਨੰਦ ਹੀ ਮਨੁੱਖੀ ਜੀਵਨ ਦੀ ਚਰਮ-ਸੀਮਾ ਹੈ ਜਿਸ ਦੀ ਪ੍ਰਾਪਤੀ ਲਈ ਇਨਸਾਨ ਦੇ ਅੰਦਰ ਧਾਰਮਿਕ ਪ੍ਰਵਿਰਤੀਆਂ ਦਾ ਹੋਣਾ ਲਾਜ਼ਮੀ ਹੈ

ਜੀਵਨ ਦਾ ਆਦਿ ਵੀ ਰਹੱਸ ਹੈ ਅਤੇ ਅੰਤ ਵੀ ਰਹੱਸ ਹੈ। ਮਨੁੱਖੀ ਜੀਵਨ ਦੀ ਸ਼ੁਰੂਆਤ ਵੀ ਹਨ੍ਹੇਰੇ ਚੋਂ ਉਪਜੀ ਹੈ ਅਤੇ ਅੰਤ ਵੀ ਹਨ੍ਹੇਰੇ ਵਿਚ ਸਿਮਟ ਜਾਂਦਾ ਹੈ। ਜੀਵਨ ਦੇ ਆਰੰਭ ਅਤੇ ਅੰਤ ਦੇ ਦੋਵਾਂ ਸਿਰਿਆਂ ਵਿਚਕਾਰ ਚਾਨਣ ਦੀ ਇਕ ਅਵਸਥਾ ਹੈ। ਇਹ ਹੈ ਮਨੁੱਖੀ ਜੀਵਨ। ਇਸ ਦੀ ਹੋਂਦ ਵੀ ਛਿੰਨ-ਭੰਗੁਰ ਤੇ ਸੀਮਿਤ ਹੈ ਅਤੇ ਸਮੁੱਚੇ ਰੂਪ 'ਚ ਰਹੱਸ ਦੇ ਘੇਰੇ ਵਿਚ ਹੀ ਆਉਂਦੀ ਹੈ। ਮਨੁੱਖ ਨੂੰ ਜਨਮ ਦੇ ਨਾਲ ਪਹਿਲਾਂ ਆਪਣੇ ਸ਼ਰੀਰਕ ਜੀਵਨ ਦੀ ਸੋਝੀ ਪ੍ਰਾਪਤ ਹੁੰਦੀ ਹੈ। ਉਮਰ ਦੇ ਵਾਧੇ ਅਤੇ ਵਿਕਾਸ ਨਾਲ ਘਰ-ਪਰਿਵਾਰ ਵਿਚ ਰਹਿੰਦਿਆਂ ਜਿਵੇਂ ਮਨ ਵਿਕਸਤ ਹੁੰਦਾ ਹੈ ਤਾਂ ਇਸਨੂੰ ਸਾਮਾਜਕ ਜੀਵਨ ਬਾਰੇ ਪਤਾ ਲਗਦਾ ਹੈ ਅਤੇ ਜੀਵਨ ਪੌੜਾ ਤਹਿ ਕਰਦਿਆਂ ਇਨਸਾਨ ਰਾਜਨੀਤਕ ਜਾਗ੍ਰਤੀ ਵੀ ਗ੍ਰਹਿਣ ਕਰਨ ਲਗ ਪੈਂਦਾ ਹੈ ਪਰ ਆਪਣੇ ਹੀ ਜੀਵਨ ਰਹੱਸ ਦੀ ਜਾਣਕਾਰੀ ਬਾਰੇ ਧਾਰਮਿਕ ਜੀਵਨ ਦੀ ਪ੍ਰਾਪਤੀ ਲਈ ਅਕਸਰ ਮਨੁੱਖ ਬੇਧਿਆਨਾਂ ਅਤੇ ਅਵੇਸਲਾ ਹੀ ਰਹਿੰਦਾ ਹੈ ਕਿਉਂਕਿ ਧਾਰਮਿਕ ਚੇਤੰਤਾ ਪ੍ਰਾਪਤ ਕਰਨ ਲਈ ਸ਼ਰਧਾ ਅਤੇ ਵਿਸ਼ਵਾਸ ਜਿਹੇ ਦੈਵੀ ਗੁਣਾਂ ਦਾ ਹੋਣਾ ਲਾਜ਼ਮੀ ਹੈ। ਪਰ ਮਨੁੱਖੀ ਸੋਚ ਵਿਚ ਇਸਦੀ ਘਾਟ ਦੇ ਕਾਰਨ, ਇਸ ਪੱਖੋਂ ਇਨਸਾਨ ਊਨਾ ਅਤੇ ਨੀਰਸ ਰਹਿ ਜਾਂਦਾ ਹੈ।

ਧਾਰਮਿਕ ਭਾਵਨਾਵਾਂ ਅਤੇ ਸਾਤਵਿਕ ਵਿਵਹਾਰ ਦੇ ਵਿਸ਼ੇ ਵਿਚ ਅਧਿਆਤਮਿਕ ਜੀਵਨ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਮਨੁੱਖੀ ਸ਼ਰੀਰ ਦੇ ਸੂਖਮ ਤੱਤ ਕੀ ਹਨ ? ਅਤੇ ਇਨ੍ਹਾਂ ਸੂਖਮ ਤੱਤਾਂ ਦਾ ਰਹੱਸ ਇਨਸਾਨ ਦੀਆਂ ਧਾਰਮਿਕ ਪ੍ਰਵਿਰਤੀਆਂ ਨੂੰ ਉਜਾਗਰ ਕਰਨ ਲਈ ਕਿਥੋਂ ਤਕ ਸਹਾਈ ਹੁੰਦਾ ਹੈ ? ਮਨੁੱਖੀ ਸ਼ਰੀਰ ਦਾ ਬਾਹਰੀ ਰੂਪ ਜਾਂ ਢਾਂਚਾ ਮਹਿਜ ਇਕ ਖੋਲ ਜਾਂ ਲਿਫਾਫੇ ਦੀ ਨਿਆਈਂ ਹੈ। ਤੈਤਰੀਯ ਉਪਨਿਸਦ ਅਨੁਸਾਰ ਦ੍ਰਿਸ਼ਟਮਾਨ ਮਨੁੱਖ ਦੇ ਬਾਹਰੀ ਸ਼ਰੀਰ ਦੀ ਹੋਂਦ ਅੰਨਦਮਈ (ਖੁਰਾਕੀ) ਪਦਾਰਥਾਂ ਦੇ ਉਭਪੋਗ ਤੇ ਨਿਰਭਰ ਕਰਦੀ ਹੈ। ਇਹ ਬਿਲਕੁਲ ਨਿਰਵਿਵਾਦ ਅਤੇ ਸੱਚੀ ਗੱਲ ਹੈ ਕਿ ਮਨੁੱਖੀ ਸ਼ਰੀਰ ਅੰਨ-ਪਾਣ ਦੇ ਪੌਸ਼ਟਿਕ ਪਦਾਰਥਾਂ ਦੇ ਸੇਵਨ ਨਾਲ ਹੀ ਵਧਦਾ ਫੁਲਦਾ ਹੈ। ਮਨੁੱਖ ਦੇ ਇਸ ਬਾਹਰੀ ਸਥੂਲ ਸ਼ਰੀਰ ਦੇ ਅੰਦਰ ਕੁਝ ਸੂਖਮ ਅਤੇ ਬੇਸ਼ਕੀਮਤੀ ਤੱਤਾਂ ਦੀ ਹੋਂਦ ਵੀ ਮੌਜੂਦ ਹੈ। ਪ੍ਰਾਣ ਇਨ੍ਹਾਂ ਵਿਚੋਂ ਇਕ ਹੈ। ਇਸ ਸੂਖਮ ਤੱਤ ਦੀ ਸ਼ਰੀਰ ਵਿਚ ਮੌਜੂਦਗੀ ਅਤੇ ਸੰਭਾਲ ਕਰਨ ਵਾਲੀ ਪ੍ਰਕ੍ਰਿਰਿਆ ਨੂੰ ਪ੍ਰਾਣਮਈ ਕੋਸ਼ ਕਹਿੰਦੇ ਹਨ। ਇਸ ਤੋਂ ਇਲਾਵਾ ਮਨ ਸ਼ਰੀਰ ਦਾ ਇਕ ਅਹਿਮ ਸੂਖਮ ਤੱਤ ਹੈ। ਇਸ ਤਰ੍ਹਾਂ ਗਿਆਨ ਵੀ ਸ਼ਰੀਰ ਦਾ ਇਕ ਵਿਲੱਖਣ ਸੂਖਮ ਤੱਤ ਹੈ ਜੋ ਮਨ ਤੋਂ ਵੀ ਮਹੱਤਵਪੂਰਨ ਸਮਝਿਆ ਜਾਂਦਾ ਹੈ। ਅੰਨ-ਪ੍ਰਾਣ-ਮਨ ਅਤੇ ਗਿਆਨ ਆਦਿ ਸਭ ਤੋਂ ਵੱਧ ਪਸੰਦੀਦਾ ਅਤੇ ਲੋੜੀਦਾ ਮਨੁੱਖੀ ਸ਼ਰੀਰ ਦਾ ਅਹਿਮ

ਅੰਤਰੀਵੀ ਸੂਖਮ ਤੱਤ ਜਿਸਦੀ ਪ੍ਰਾਪਤੀ ਲਈ ਸ਼ਰੀਰ ਦੇ ਉਕਤ ਸਾਰੇ ਸੂਖਮ ਤੱਤ ਕਾਰਜਸ਼ੀਲ ਰਹਿੰਦੇ ਹਨ ਉਸਨੂੰ ਅਨੰਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਨੰਦ ਹੀ ਮਨੁੱਖੀ ਜੀਵਨ ਦੀ ਚਰਮ-ਸੀਮਾ ਹੈ ਜਿਸ ਦੀ ਪ੍ਰਾਪਤੀ ਲਈ ਇਨਸਾਨ ਦੇ ਅੰਦਰ ਧਾਰਮਿਕ ਪ੍ਰਵਿਰਤੀਆਂ ਦਾ ਹੋਣਾ ਲਾਜ਼ਮੀ ਹੈ।

ਹੁਣ ਇਥੇ ਅਧਿਆਤਮ ਸਿਧਾਂਤ ਦੀ ਪ੍ਰੀਭਾਸ਼ਾ ਕੀਤੀ ਜਾ ਸਕਦੀ ਹੈ ਕਿ ਅਧਿਆਤਮ ਇਕ ਅਜਿਹੀ ਵਿਦਿਆ ਜਾਂ ਗਿਆਨ ਹੈ ਜੋ ਮਨੁੱਖ ਨੂੰ ਆਪਣੇ ਰਹੱਸਮਈ ਆਪੇ ਦੀ ਪਹਿਚਾਣ ਕਰਵਾ ਕੇ ਸੱਚ ਦੇ ਮਾਰਗ ਤੇ ਤੋਰਦਾ ਹੈ ਅਤੇ ਆਤਮਿਕ ਅਨੰਦ ਦੀ ਸਥਿਤੀ ਵਿਚ ਸਰਵ-ਸੁਭਾਏਮਾਨ ਪ੍ਰਮਾਤਮਾ ਦੇ ਅਹਿਸਾਸ ਨਾਲ ਜੀਵਨ ਮੰਤਵ ਦੀ ਪੂਰਤੀ ਲਈ ਸਹਾਈ ਹੁੰਦਾ ਹੈ। ਅਧਿਆਤਮਿਕ ਗਿਆਨ (ਚੇਤਨਤਾ) ਹਿਰਦੇ ਦੀ ਨਿਰਮਲਤਾ ਅਤੇ ਮਨ ਦੇ ਪੱਕੇ ਵਿਸ਼ਵਾਸ ਨਾਲ ਪੂਰਨ ਸਤਿਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਅਧਿਆਤਮਿਕ ਗਿਆਨ ਇਨਸਾਨ ਦੇ ਦੈਵੀ ਗੁਣਾਂ ਅਤੇ ਧਾਰਮਿਕ ਪ੍ਰਵਿਰਤੀਆਂ ਨਾਲ ਸੰਬੰਧਤ ਇਕ ਅਜਿਹੀ ਗੁਰਮਤਿ ਸਿਖਲਾਈ ਹੈ ਜੋ ਇਨਸਾਨੀ ਜੀਵਨ ਦੀ ਹਲਤ (ਵਰਤਮਾਨ) ਅਤੇ ਪਲਤ (ਭਵਿੱਖ) ਅਵਸਥਾ ਨੂੰ ਸੰਵਾਰਨ ਲਈ ਬਹੁਤ ਜ਼ਰੂਰੀ ਹੈ। ਜੇਕਰ ਮਨੁੱਖੀ ਜੀਵਨ ਦੇ ਹਲਤ ਭਾਵ ਇਸਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਕਰੀਏ ਤਾਂ ਗੁਰਮਤਿ ਦਾ ਫੈਸਲਾ ਹੈ ਕਿ ਸੰਸਾਰ ਵਿਚ —

ਜੋ ਜੋ ਦੀਸੈ ਸੋ ਸੋ ਰੋਗੀ

(ਆਦਿ ਗ੍ਰੰਥ ਪੰਨਾ ਨੰ: 1140)

ਗੁਰਮਤਿ ਦਾ ਤਾਂ ਇਹ ਵੀ ਨਿਰਣਾ ਹੈ ਕਿ ਅਧਿਆਤਮਿਕ ਸਿਖਿਆ ਤੋਂ ਬਿਨਾ ਇਨਸਾਨ ਦਾ ਭਵਿੱਖ ਜੋਖਮਮਈ ਹੈ-

ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ।।
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ।।

(ਆਦਿ ਗ੍ਰੰਥ ਨੰ: 1106)

ਅਸਾਂ ਦੇਖਿਆ ਕਿ ਮਨੁੱਖੀ ਜੀਵਨ ਦੇ ਹਲਤ-ਪਲਤ ਦੀ ਸਥਿਤੀ ਕਿਸੇ ਪਾਸਿਓਂ ਵੀ ਸੰਤੋਖਜਨਕ ਨਹੀ ਹੈ। ਮਨੁੱਖੀ ਜੀਵਨ ਦੇ ਸ਼ੁਰੂ ਤੋਂ ਅੰਤ ਤਕ ਦੀ ਹਾਲਤ ਨਿਰਾਸ਼ਾਜਨਕ ਹੈ। ਇਹ ਹੀ ਕਾਰਨ ਹੈ ਕਿ



ਅਜੋਕਾ ਮਨੁੱਖ ਭਵਿੱਖ ਦੀ ਅਨਿਸ਼ਚਿਤਤਾ ਕਾਰਨ ਵਰਤਮਾਨ ਜੀਵਨ ਵਿਚ ਵੀ ਅਸ਼ਾਂਤ ਹੈ। ਇਸਦਾ ਇਕੋ ਇਕ ਸਮਾਧਾਨ ਹੈ ਅਧਿਆਤਮਿਕ ਗਿਆਨ ਜਿਸ ਅਨੁਸਾਰ ਇਨਸਾਨ ਆਪਣਾ ਹਲਤ-ਪਲਤ ਸਤਿਗੁਰੂ ਦੇ ਸਮਰਪਿਤ ਕਰ ਦਿੰਦਾ ਹੈ। ਸਤਿਗੁਰ ਦੀ ਓਟ ਅਤੇ ਸਹਾਰਾ ਲੈ ਕੇ ਜੀਵਾਤਮਾ ਤਾਕਤਵਰ ਹੋ ਜਾਂਦੀ ਹੈ ਕਿਉਂਕਿ ਸਤਿਗੁਰੂ ਹੀ ਜੀਵਾਤਮਾ ਦਾ ਮੇਲ ਪ੍ਰਮਾਤਮਾ ਨਾਲ ਕਰਾਉਂਦਾ ਹੈ-

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ

(ਆਦਿ ਗ੍ਰੰਥ ਪੰਨਾ ਨੰ: 957)

ਅਧਿਆਤਮਿਕ ਚੇਤੰਨਤਾ ਹੀ ਇਨਸਾਨ ਨੂੰ ਬੰਧਨ ਮੁਕਤ ਕਰਦੀ ਹੈ। ਸੰਸਾਰ 'ਚ ਭਾਵੇਂ ਇਨਸਾਨ ਪ੍ਰੀਵਾਰਿਕ ਅਤੇ ਸਾਮਾਜਿਕ ਸਾਂਝ ਬਣਾਈ ਬੈਠਾ ਹੈ ਪਰ ਨਿਸ਼ਚਿਤ ਸਮੇਂ ਤੇ ਇਹ ਸਭ ਸਹਾਰੇ ਇਨਸਾਨ ਦੇ ਕਿਸੇ ਕੰਮ ਨਹੀ ਆਉਂਦੇ ਸਗੋਂ ਇਸਦੀ ਇਕਲਤਾ ਅਤੇ ਨਿਜੀ ਹੌਸਲਾ ਹੀ ਅੰਤ ਸਮੇ ਸਾਥ ਦਿੰਦੇ ਹਨ। ਜੇਕਰ ਇਨਸਾਨ ਨੇ ਜਿਉਂਦੇ ਜੀਅ ਆਪਣੇ ਨਿੱਜ ਦੀ ਪਹਿਚਾਣ ਨਹੀਂ ਕੀਤੀ ਅਤੇ ਆਪਣੀ ਇਕਲਤਾ ਨਾਲ ਸਤਿਗੁਰੂ ਅਤੇ ਨਿਰੰਕਾਰ ਦੀ ਸਾਂਝ ਨਹੀ ਪਾਈ ਤਾਂ ਇਨਸਾਨ ਦਾ ਬੰਧਨ ਮੁਕਤ ਹੋਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੈ। ਮਹਾਤਮਾ ਪਲਟੂ ਸਾਹਿਬ ਇਸ ਬਾਰੇ ਕਹਿੰਦੇ ਹਨ ਕਿ ਜੇਕਰ ਇਨਸਾਨ ਨੇ ਕਿਤਾਬੀ ਇਲਮ ਦੀਆਂ ਵੱਡੀਆਂ ਵੱਡੀਆਂ ਡਿਗਰੀਆਂ ਤਾਂ ਪ੍ਰਾਪਤ ਕਰ ਲਈਆਂ ਹਨ ਪਰ ਅਧਿਆਤਮਿਕ ਵਿਦਿਆ ਤੋਂ ਸਖਣਾ ਅਜੇ ਤਕ ਆਪਣੇ

ਆਪ ਦੀ ਪਹਿਚਾਣ ਨਹੀ ਕਰ ਸਕਿਆ ਤਾਂ ਉਸਦੇ ਕਿਤਾਬੀ ਗਿਆਨ ਦਾ ਕੌਡੀ ਮੁੱਲ ਨਹੀਂ। ਭਗਤ ਕਬੀਰ ਜੀ ਕਹਿੰਦੇ ਨੇ ਕਿ ਇਨਸਾਨ ਦੇ ਕਿਤਾਬੀ (ਕਾਗਜ਼ੀ) ਗਿਆਨ ਦੀ ਕੋਠੜੀ ਨੂੰ ਕਰਮ-ਕਾਂਡਾਂ ਦੇ ਜੰਦਰੇ ਵਜੇ ਹੋਏ ਹਨ ਜੋ ਕਿ ਕੇਵਲ ਵਹਿਮਾਂ ਅਤੇ ਭਰਮਾਂ ਦਾ ਕਾਰਨ ਹਨ। ਉਹ ਤਾਂ ਇਨਸਾਨ ਨੂੰ ਇਹ ਸਲਾਹ ਦੇਦੇ ਹਨ ਕਿ ਆਪਣੇ ਕਾਗਜ਼ੀ ਇਲਮ ਨੂੰ ਕਿਸੇ ਦਰਿਆ ਵਿਚ ਰੋੜ ਕੇ ਅਧਿਆਤਮਿਕ ਜਾਗ੍ਰਤੀ ਦੇ ਢਾਈ ਅੱਖਰ ਪੜ ਲੈ ਤੇਰਾ ਕਲਿਆਣ ਹੋ ਜਾਏਗਾ। ਬੁਲ੍ਹੇਸ਼ਾਹ ਜੀ ਨੇ ਵੀ ਆਪਣੇ ਕਿਤਾਬੀ ਗਿਆਨ ਦਾ ਢਿੰਢੋਰਾ ਪਿਟਿਆ ਪਰ ਕਾਮਲ ਮੁਰਸਦ ਕੋਲੋਂ ਅਧਿਆਤਮਿਕ ਗਿਆਨ ਦੀ ਸੋਝੀ ਪ੍ਰਾਪਤ ਕਰਕੇ ਹੀ ਬੁਲ੍ਹਾ ਰੂਹਾਨੀਅਤ ਦੇ ਰੰਗ ਵਿਚ ਰੰਗਿਆ ਗਿਆ।

ਅਧਿਆਤਮਿਕ ਗਿਆਨ ਇਨਸਾਨ ਨੂੰ ਸੱਚੇ ਮਾਰਗ ਤੇ ਤੋਰਦਾ ਹੈ। ਚਿਰਾਂ ਤੋਂ ਵਿਛੜੀ ਜੀਵਾਤਮਾ ਮਨੁੱਖੀ ਸ਼ਰੀਰ ਵਿਚ ਹੁੰਦਿਆਂ ਆਪਣੇ ਮੂਲ ਨਾਲ ਜੁੜਨ ਦੀ ਤੀਬਰ ਇੱਛਾ ਰੱਖਦੀ ਹੈ। ਇਸੇ ਕਰਕੇ ਹੀ ਮਨੁੱਖੀ ਹਿਰਦਿਆਂ ਵਿਚੋਂ ਅਚੇਤ ਰੂਪ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਮਨੋਵੇਗ ਅਤੇ ਭਾਵਨਾਵਾਂ ਉਤਪੰਨ ਹੁੰਦੀਆਂ ਹਨ ਜੋ ਮਾਨਵ ਜੀਵ ਨੂੰ ਪ੍ਰਮਾਰਥ ਅਤੇ ਪੁੰਨ ਦਾਨ ਦੇ ਕਾਰਜਾਂ ਵਲ ਪ੍ਰੇਰਿਤ ਕਰਦੀਆਂ ਹਨ। ਇਨਸਾਨ ਗੁਰੂਆਂ-ਪੀਰਾਂ-ਮਹਾਤਮਾਵਾਂ ਦੇ ਪ੍ਰਵਚਨ ਸੁਨਣ ਲਈ ਧਾਰਮਿਕ ਸਥਾਨਾਂ ਤੇ ਜਾਂਦਾ ਹੈ-

ਸੁਣਿ ਗਲਾ ਗੁਰ ਪਹਿ ਆਇਆ।।
ਨਾਮੁ ਦਾਨੁ ਇਸਨਾਨੁ ਦਿੜਾਇਆ।।
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ।।

(ਆਦਿ ਗ੍ਰੰਥ ਪੰਨਾ ਨੰ: 73-74)

ਇਸ ਦੈਵੀ ਖਿਚ ਪਿਛੇ ਦਰਅਸਲ ਪ੍ਰਮਾਤਮਾ ਦੀ ਸਰਬ ਵਿਆਪਕ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ। ਧਾਰਮਿਕ ਵਾਤਾਵਰਣ ਵਿਚ ਵਿਚਰ ਰਿਹਾ ਇਨਸਾਨ ਜਦੋਂ ਪ੍ਰਤੱਖ ਰੂਪ ਵਿਚ ਪੂਰਨ ਸਤਿਗੁਰੂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਸਤਿਗੁਰੂ ਦਾ ਅਧਿਆਤਮਿਕ ਇਲਮ ਇਨਸਾਨ ਦੀ ਅੰਦਰਲੀ ਸੋਚ ਦੀ ਤਰਜਮਾਨੀ ਕਰਦਾ ਹੈ ਅਤੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਸਨੂੰ ਕੋਈ ਗਵਾਚੀ ਹੋਈ ਚੀਜ਼ ਲਭ ਪਈ ਹੋਵੇ। ਸਤਿਗੁਰੂ ਦੀ ਅਧਿਆਤਮਿਕ ਸਿਖਲਾਈ ਦੇ ਫਲਸਰੂਪ ਇਨਸਾਨ ਨੂੰ ਮਨ-ਇਛੱਤ ਫਲ ਦੀ ਪ੍ਰਾਪਤੀ ਹੋ ਗਈ। ਜੀਵਨ ਦਾ ਰਹੱਸ ਸਮਝ ਵਿਚ ਆ ਗਿਆ।

ਮਨ ਕਾਹੇ ਭੂਲੇ ਮੂੜ ਮਨਾ।।
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ।।

(ਆਦਿ ਗ੍ਰੰਥ ਪੰਨਾ ਨੰ: 432)

ਇਕ ਸੂਝਵਾਨ ਇਨਸਾਨ ਨੂੰ ਇਹ ਗੱਲ ਪੱਕੀ ਸਮਝ ਲੈਣੀ ਚਾਹੀਦੀ ਹੈ ਕਿ ਸੰਸਾਰ ਸਾਗਰ ਚੋਂ ਪਾਰ ਲੰਘਾਉਣ ਵਾਲੀ ਇਕੋ ਇਕ ਹਰਿਨਾਮ ਰੂਪੀ ਰੂਹਾਨੀਅਤ ਦੀ ਬੇੜੀ ਸਤਿਗੁਰੂ ਦਾ ਸਬਦ ਰੂਪੀ ਅਧਿਆਤਮਿਕ ਗਿਆਨ ਹੈ। ਤ੍ਰੈਗੁਣੀ ਮਾਇਆ ਦੇ ਪ੍ਰਭਾਵ ਕਾਰਨ ਜੀਵ ਭਟਕਣ ਵਿਚ ਹੈ ਜਿਸ ਕਾਰਨ ਮਨ ਅੰਦਰ ਆਤਮਿਕ ਸਹਿਜਤਾ ਪੈਦਾ ਨਹੀ ਹੁੰਦੀ। ਜਦੋਂ ਇਨਸਾਨ ਸਤਿਗੁਰੂ ਦੇ ਅਧਿਆਤਮ ਇਲਮ ਦੁਆਰਾ ਮਾਇਆ ਦੇ ਇਸ ਪ੍ਰਭਾਵ ਤੋਂ ਰਾਹਤ ਮਹਿਸੂਸ ਕਰਦਾ ਹੈ ਤਾਂ ਅਵਸਥਾ ਵਿਚ ਪੁਜ ਜਾਣਾ ਅਤੇ ਸਤਿਗੁਰੂ ਦੀ ਕਿਰਪਾ ਸਦਕਾ ਆਤਮਿਕ ਸ਼ਾਂਤੀ ਅਤੇ ਸਹਿਜ ਅਵਸਥਾ ਪੈਦਾ ਹੁੰਦੀ ਹੈ। ਇਨਸਾਨੀ ਜੀਵਨ ਵਿਚ ਇਹ ਹੀ ਸਦੀਵੀ ਅਨੰਦ ਦੀ

ਅਵਸਥਾ ਹੈ ਅਤੇ ਸਤਿਗੁਰੂ ਦੇ ਅਧਿਆਤਮ ਇਲਮ ਦੀ ਪਾਵਨ ਪਵਿੱਤਰ ਦੇਨ। ਮੁਕਦੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਦੇ ਅਧਿਆਤਮ ਗਿਆਨ ਸਦਕਾ ਜੋ ਕੋਈ ਵੀ ਇਸਨੂੰ ਜਾਣ ਲੈਂਦਾ ਹੈ। ਇਸਦੇ ਸਮਰਪਿਤ ਹੋ ਜਾਂਦਾ ਹੈ। ਉਸਦਾ ਹੀ ਇਸ ਸੰਸਾਰ ਵਿਚ ਆਉਣਾ ਸਫਲ ਹੁੰਦਾ ਹੈ। ■

ਬੱਚਿਆਂ ਦਾ ਪੰਨਾ

ਪਛਤਾਉਣਾ ਨਾ ਪਵੇ

ਕੇਵਲ ਕ੍ਰਿਸ਼ਨ ਮੋਗਾ (ਫਰੀਦਾਬਾਦ)

ਸੰਸਾਰ ਵਿਚ ਪਰਮਾਤਮਾ ਨੇ ਜੀਵ ਨੂੰ ਬੇਸ਼-ਕੀਮਤੀ ਸਵਾਸਾਂ ਦੀ ਪੂੰਜੀ ਦੇ ਕੇ ਇਨਸਾਨੀ ਜਨਮ ਵਿਚ ਭੇਜਿਆ। ਜੀਵ ਨੇ ਪਰਮਾਤਮਾ ਨਾਲ ਵਾਅਦਾ ਕੀਤਾ ਕਿ ਮੈਂ ਸੱਚਾ ਵਣਜ (ਵਿਉਪਾਰ) ਕਰਕੇ ਕੁਝ ਲਾਭ ਖੱਟ ਕੇ ਲਿਆਵਾਂਗਾ ਅਤੇ ਤੈਨੂੰ ਹਮੇਸ਼ਾ ਯਾਦ ਰੱਖਾਂਗਾ। ਪਰ ਸੰਸਾਰ ਵਿਚ ਆ ਕੇ ਅਗਿਆਨਤਾ ਦੇ ਕਾਰਣ ਮਾਇਆ ਦੇ ਜਾਲ ਵਿਚ ਫਸ ਗਿਆ। ਪਰਮਾਤਮਾ ਨੂੰ ਭੁੱਲ ਕੇ ਸਾਰੀ ਉਮਰ ਵਿਸੇ-ਵਿਕਾਰਾਂ ਅਤੇ ਭੋਗ ਬਿਲਾਸ ਵਿਚ ਗੁਜ਼ਾਰ ਦਿੱਤੀ। ਆਪਣੇ ਅਨਮੋਲ ਸਵਾਸ ਕੌਡੀਆਂ ਦੇ ਬਦਲੇ ਗਵਾ ਕੇ ਦੁਖੀ ਜੀਵਨ ਗੁਜਾਰਨ ਲੱਗਾ। ਇਸ ਜੀਵ ਦੀ ਹਾਲਤ ਤੇ ਤਰਸ ਖਾ ਕੇ ਪਰਮਾਤਮਾ ਖੁਦ ਮਹਾਂਪੁਰਸ਼ਾਂ ਦੇ ਰੂਪ ਵਿਚ ਆ ਕੇ ਮਾਨਸਿਕ ਤੌਰ ਤੇ ਸੁੱਤੇ ਹੋਏ ਇਨਸਾਨ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਹੈ।



ਇਕ ਨਦੀ ਕਿਨਾਰੇ ਇਕ ਕਿਸਾਨ ਦਾ ਖੇਤ ਸੀ। ਜਦੋਂ ਫਸਲ ਪੱਕਣ ਲਗੀ ਤਾਂ ਕਿਸਾਨ ਮਿੱਟੀ ਦੀਆਂ ਗੋਲੀਆਂ ਬਣਾ ਕੇ ਗੁਲੇਲ ਨਾਲ ਪੰਛੀਆਂ ਨੂੰ ਉਡਾਉਣ ਲੱਗਾ ਤਾਂ ਜੋ ਫਸਲ ਦੀ ਰਾਖੀ ਹੋ ਸਕੇ। ਕੁਝ ਸਮਾਂ ਬੀਤਿਆਂ ਨਦੀ ਵਿਚ ਪਾਣੀ ਦੇ ਉਛਾਲ ਨਾਲ ਉਸ ਕਿਸਾਨ ਨੂੰ ਕਿਨਾਰੇ ਤੇ ਕੁਝ ਚਮਕੀਲੇ ਪੱਥਰ ਮਿਲੇ ਜਿਨ੍ਹਾਂ ਦੇ ਬਾਰੇ ਉਸਨੂੰ ਕੋਈ ਜਾਣਕਾਰੀ ਨਹੀਂ ਸੀ। ਉਸਨੇ ਸੋਚਿਆ ਪਹਿਲਾਂ ਤਾਂ ਮਿੱਟੀ ਦੀਆਂ ਗੋਲੀਆਂ ਬਣਾਉਣੀਆਂ ਪੈਦੀਆਂ ਸਨ, ਹੁਣ ਬਣੀਆਂ-ਬਣਾਈਆਂ ਗੋਲੀਆਂ ਹੀ ਮਿਲ ਗਈਆਂ ਹਨ। ਮੈਨੂੰ ਹੁਣ ਮਿਹਨਤ ਨਹੀਂ ਕਰਨੀ ਪਵੇਗੀ। ਹੁਣ ਉਹ ਉਨ੍ਹਾਂ ਚਮਕੀਲੇ ਲਾਲਾਂ ਨੂੰ ਹੀ ਗੁਲੇਲ ਨਾਲ ਚਲਾ ਕੇ ਪੰਛੀਆਂ ਨੂੰ ਉਡਾਉਣ ਲੱਗਾ। ਕਈ ਦਿਨ ਇਹ ਸਭ ਚਲਦਾ ਰਿਹਾ, ਅੰਤ ਵਿਚ ਉਸ ਕੋਲ ਇਕ ਲਾਲ ਰਹਿ ਗਿਆ।

ਉਸ ਦਿਨ ਅਚਾਨਕ ਇਕ ਜੌਹਰੀ ਉਸਦੇ ਖੇਤਾਂ ਕੋਲੋ ਲੰਘਿਆ। ਉਸਨੇ ਕਿਸਾਨ ਦੇ ਹੱਥ ਵਿਚ ਲਾਲ ਵੇਖ ਕੇ ਪੁਛਿਆ ਕਿ ਇਹ ਲਾਲ ਤੂੰ ਕਿਥੋਂ ਲਿਆਇਆ ਹੈਂ। ਉਸ ਕਿਸਾਨ ਨੇ ਜੌਹਰੀ ਨੂੰ ਸਭ ਕੁਝ ਦੱਸ ਦਿੱਤਾ ਕਿ ਮੈਨੂੰ ਤਾਂ ਇਹ ਅਜਿਹੇ ਬਹੁਤ ਸਾਰੇ ਲਾਲ ਮਿਲੇ ਸਨ ਪਰ ਮੈਂ ਤਾਂ ਮਿੱਟੀ ਦੀਆਂ ਗੋਲੀਆਂ ਸਮਝ ਕੇ ਪੰਛੀਆਂ ਨੂੰ ਉਡਾਉਣ ਵਿਚ ਹੀ ਚਲਾ ਦਿੱਤੇ। ਜੌਹਰੀ ਨੇ ਕਿਹਾ - ਇਹ ਲਾਲ ਤਾਂ ਬਹੁਤ ਕੀਮਤੀ ਸਨ। ਇਸ ਇਕ ਲਾਲ ਦੀ ਕੀਮਤ ਮੈਂ ਤੈਨੂੰ ਇਕ ਲੱਖ ਰੁਪਏ ਦੇ ਸਕਦਾ ਹਾਂ।

ਹੁਣ ਕਿਸਾਨ ਪਛਤਾਉਣ ਲੱਗਾ ਕਿ ਮੈਂ ਐਨੇ ਕੀਮਤੀ ਲਾਲ ਪੱਥਰ ਸਮਝ ਕੇ ਕੌਡੀਆਂ ਦੇ ਭਾਅ ਗਵਾ ਦਿੱਤੇ। ਪਰ ਹੁਣ ਕੁਝ ਵੀ ਨਹੀਂ ਹੋ ਸਕਦਾ ਸੀ। ਜੌਹਰੀ ਨੇ ਕਿਸਾਨ ਨੂੰ ਸਮਝਾਇਆ ਕਿ ਅਜੇ ਵੀ ਸਮਾਂ ਹੈ ਇਸ ਲਾਲ ਤੋਂ ਲਾਭ ਉਠਾ ਕੇ ਅਪਣੀ ਗਰੀਬੀ ਦੂਰ ਕਰ ਸਕਦਾ ਹੈ ਅਤੇ ਅਪਣਾ ਬਾਕੀ ਜੀਵਨ ਸੁਖੀ ਬਤੀਤ ਕਰ ਸਕਦਾ ਹੈ।

ਇਸੇ ਤਰ੍ਹਾਂ ਸੰਤ-ਮਹਾਤਮਾ, ਗੁਰੂ-ਪੀਰ-ਪੈਗੰਬਰ ਸਮੇਂ-ਸਮੇਂ ਤੇ ਆ ਕੇ ਇਨਸਾਨ ਨੂੰ ਅਧਿਆਤਮ ਦਾ ਪਾਠ ਪੜਾ ਰਹੇ ਹਨ, ਪੁਕਾਰ-ਪੁਕਾਰ ਕੇ ਇਨਸਾਨ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਮਨੁੱਖੀ ਜਨਮ ਤੈਨੂੰ ਵੱਡੇ ਭਾਗਾਂ ਨਾਲ ਮਿਲਿਆ ਹੈ। ਤੂੰ ਪੂਰੇ ਗੁਰੂ ਦੀ ਸ਼ਰਣ ਵਿਚ ਜਾ ਕੇ ਪਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰ ਲੈ ਅਤੇ ਅਪਣੇ ਅਨਮੋਲ ਸਵਾਸ ਪਰਮਾਤਮਾ ਦੀ ਬੰਦਗੀ ਵਿਚ ਗੁਜ਼ਾਰ ਲੈ ਤਾਂ ਜੋ ਤੇਰਾ ਜੰਮਣਾ-ਮਰਨਾ ਭਾਵ ਆਵਾਗਵਣ ਦਾ ਚੱਕਰ ਖਤਮ ਹੋ ਜਾਏ ਅਤੇ ਤੂੰ ਸਦਾ ਲਈ ਅਨੰਦ ਪ੍ਰਾਪਤ ਕਰਕੇ ਜੀਵਨ ਸਫਲ ਕਰ ਲਵੇਂ। ਨਹੀਂ ਤਾਂ ਕਿਤੇ ਤੈਨੂੰ ਵੀ ਉਸ ਕਿਸਾਨ ਦੀ ਤਰ੍ਹਾਂ ਪਛਤਾਉਣਾ ਨਾ ਪਵੇ। ■

ਐ ਇਨਸਾਨ ਤੂੰ ਪੂਰੇ ਗੁਰੂ ਦੀ ਸ਼ਰਣ ਵਿਚ ਜਾ ਕੇ ਪਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰ ਲੈ ਅਤੇ ਅਪਣੇ ਅਨਮੋਲ ਸਵਾਸ ਪਰਮਾਤਮਾ ਦੀ ਬੰਦਗੀ ਵਿਚ ਗੁਜ਼ਾਰ ਲੈ ਤਾਂ ਜੋ ਤੇਰਾ ਜੰਮਣਾ-ਮਰਨਾ ਭਾਵ ਆਵਾਗਵਣ ਦਾ ਚੱਕਰ ਖਤਮ ਹੋ ਜਾਏ।

ਅਧਿਆਤਮ

ਮਾਨ ਸਿੰਘ 'ਨਿਰੰਕਾਰੀ' (ਅੰਮ੍ਰਿਤਸਰ)

ਅਧਿਆਤਮ ਦਾ ਵਿਸ਼ਾ ਅਤੇ ਮਾਰਗ ਓਨਾ ਹੀ ਪੁਰਾਣਾ ਹੈ ਜਿੰਨੀ ਪੁਰਾਣੀ ਧਰਤੀ-ਆਕਾਸ਼-ਪਾਤਾਲ ਹਨ। ਇਸ ਦੀ ਮਹੱਤਤਾ ਹਰ ਯੁਗ ਵਿਚ ਵਿਸ਼ੇਸ਼ ਅਤੇ ਇਕ ਸਮਾਨ ਰਹੀ ਹੈ ਪ੍ਰੰਤੂ ਇਸ ਦੀ ਸਭ ਤੋਂ ਵੱਧ ਲੋੜ ਅੱਜ ਦੇ ਮਾਨਵ ਸਮਾਜ ਨੂੰ ਹੈ। ਅੱਜ ਦੇ ਸਾਇੰਸ ਅਤੇ ਵਿਗਿਆਨਕ ਯੁੱਗ ਵਿਚ ਜ਼ਿਆਦਾ ਅਕਲ ਵਾਲੇ ਅਤੇ ਪੜੇ-ਲਿਖੇ ਸਭਿਅੱਕ ਕਹਾਉਣ ਵਾਲੇ ਮਾਨਵ ਨੇ ਧਰਮ ਦੇ ਇਸ ਜ਼ਰੂਰੀ ਵਿਸ਼ੇ ਨੂੰ ਫਜ਼ੂਲ ਅਤੇ ਬੇਕਾਰ ਮੰਨ ਕੇ ਇਸਦੀ ਅਹਿਮੀਅਤ ਵੱਲੋਂ ਮੂੰਹ ਮੋੜ ਰੱਖਿਆ ਹੈ ਅਤੇ ਮਨੁੱਖ ਪਦਾਰਥਕ ਵਸਤੂਆਂ ਦੀ ਕਦੇ ਨਾ ਖਤਮ ਹੋਣ ਵਾਲੀ ਅੰਨ੍ਹੀ ਦੌੜ ਵਿਚ ਪੈ ਕੇ ਆਪਣੇ ਜੀਵਨ ਮੰਤਵ ਨੂੰ ਹੀ ਭੁੱਲ ਬੈਠਾ ਹੈ।

ਰਚਨਾ ਕੁਝ ਤੱਤਾਂ ਦੇ ਸੁਮੇਲ ਨਾਲ ਰਚੀ ਗਈ ਪ੍ਰੰਤੂ ਰਚਨਹਾਰਾ ਆਪ ਸੁਆਮੀ ਹੈ, ਜੋ ਅਵਿਨਾਸ਼ੀ, ਜਨਮ-ਮਰਨ ਤੋਂ ਰਹਿਤ, ਰੂਪ-ਰੰਗ ਤੋਂ ਰਹਿਤ ਸਰਬ-ਵਿਆਪੀ ਹੈ। ਚੰਮਦ੍ਰਿਸ਼ਟੀ ਦੀਆਂ ਇਹ ਅੱਖਾਂ ਸਿਰਜਨਹਾਰ ਨੂੰ ਨਹੀਂ ਦੇਖ ਸਕਦੀਆਂ। ਇਸ ਨੂੰ ਜਾਨਣ ਅਤੇ ਵੇਖਣ ਲਈ ਬ੍ਰਹਮਦ੍ਰਿਸ਼ਟੀ ਬ੍ਰਹਮਵੇਤਾ ਪੂਰੇ ਸਤਿਗੁਰੂ ਕੋਲੋਂ ਮਿਲੇਗੀ, ਫੇਰ ਕਣ-ਕਣ ਵਿਚ ਇਸ ਇਕ ਦਾ ਪਸਾਰਾ ਅਤੇ ਜਲਵਾ ਨਜ਼ਰ ਆਵੇਗਾ। ਜਿਨ੍ਹਾਂ ਵਡਭਾਗੀ ਜੀਵਾਂ ਨੇ ਤੱਕਿਆਂ ਉਹਨਾਂ ਨੇ ਕਿਹਾ -

ਜਿਧਰ ਦੇਖਤਾ ਤੂੰ ਉਧਰ ਤੂੰ ਹੀ ਤੂੰ ਹੈਂ, ਹਰ ਸ਼ੈ ਮੇਂ ਜਲਵਾ ਤੇਰਾ ਚੁ-ਬ-ਚੂ ਹੈ।

ਮਹਾਤਮਾਵਾਂ ਨੇ ਇਹ ਵੀ ਸੁਚੇਤ ਕਰਨ ਲਈ ਕਿਹਾ ਹੈ ਕਿ—

ਦੀਦਾਰ ਕੀ ਤਲਬ ਹੈ ਤੋ ਪਹਿਲੇ ਨਿਗਾਹ ਮਾਂਗ,

ਹਰ ਯੁਗ ਵਿਚ ਗਿਆਨੀ ਮਹਾਤਮਾਵਾਂ, ਪੈਗੰਬਰਾਂ ਨੇ ਇਨਸਾਨ ਨੂੰ ਪ੍ਰਭੂ ਪ੍ਰਾਪਤੀ ਲਈ ਅਧਿਆਤਮ ਪੱਖੋਂ ਜਗਾਉਣ ਦੇ ਜਤਨ ਕੀਤੇ ਅਤੇ ਕਿਹਾ ਕਿ ਐ ! ਮਾਨਵ ਤੂੰ ਜਿਸ ਜੋਤ ਦੀ ਅੰਸ ਹੈ ਉਸ ਨੂੰ ਜਾਣ ਲੈ, ਇਹ ਪ੍ਰਾਪਤੀ ਸ਼ਰੀਰ ਦੀ ਹੋਂਦ ਤਕ ਹੀ ਹੋ ਸਕਦੀ ਹੈ, ਇਸੇ ਲਈ ਮਾਨਵ ਸ਼ਰੀਰ ਨੂੰ ਬਹੁਤ ਅਮੋਲਕ ਕਿਹਾ ਗਿਆ ਹੈ। ਜਿਨ੍ਹਾਂ ਨੇ ਵੀ ਸੰਤਜਨਾਂ ਦੀ ਆਵਾਜ਼ ਵੱਲ ਧਿਆਨ ਦੇ ਕੇ ਕਦਮ ਵਧਾਇਆ, ਉਹ ਦੁਨੀਆਂ ਦੇ ਸਾਰੇ ਸੁਖ ਭੋਗਦੇ ਹੋਏ ਸਤਿਗੁਰੂ ਦੀ ਕ੍ਰਿਪਾ ਨਾਲ ਪਾਰਬ੍ਰਹਮ ਨਿਰੰਕਾਰ ਨੂੰ ਪ੍ਰਾਪਤ ਹੋਏ। ਜੋ ਸ਼ੰਕਾ ਵਿਚ ਪੈ ਕੇ ਸੋਚਾਂ ਸੋਚਦੇ ਰਹੇ ਉਹਨਾਂ ਬਾਰੇ ਮਹਾਤਮਾ ਕਹਿੰਦੇ ਹਨ ਕਿ-

ਜਿਸ ਦੇ ਮਨ ਵਿਚ ਸ਼ੰਕਾ ਰੂਪੀ ਅੰਧਕਾਰ ਹੋਵੇ, ਉਸ ਲਈ ਨਾ ਇਹ ਲੋਕ ਨਾ ਪਰਲੋਕ ਅਤੇ ਨਾ ਹੀ ਸੁਖ ਹੁੰਦਾ ਹੈ। (ਵੇਦ ਵਿਆਸ ਜੀ)

ਕੋਈ ਵੀ ਆਪਣੇ ਆਪ ਨੂੰ ਅਧਰਮੀ ਨਹੀਂ ਮੰਨਦਾ, ਉਹ ਆਪਣੇ ਮਨ

ਰਿਸ਼ੀ ਵੇਦ ਵਿਆਸ ਜੀ

ਅਧਿਆਤਮ ਦਾ ਭੌਤਿਕ ਪ੍ਰਾਪਤੀਆਂ ਨਾਲ ਕੋਈ ਟਕਰਾਵ ਨਹੀਂ ਹੈ, ਰੁੱਤਬੇ ਅਤੇ ਡਿਗਰੀਆਂ ਹਾਸਿਲ ਕਰਨੀਆਂ ਚੰਗੀ ਗੱਲ ਹੈ ਅਤੇ ਇਸ ਤੋਂ ਵੀ ਚੰਗੀ ਗੱਲ ਇਹ ਹੈ ਕਿ ਸਤਿਗੁਰ ਪਾਸੋਂ ਆਪੇ ਦੀ ਪਹਿਚਾਣ ਕਰਕੇ ਨੇਕ ਅਤੇ ਕਰਮਯੋਗੀ ਬੰਦਾ ਬਣਿਆ ਜਾਵੇ।

ਦੇ ਕਹੇ ਅਨੁਸਾਰ ਜਾਂ ਜਗ ਦੀ ਦੇਖਾ-ਦੇਖੀ ਭਗਤੀ ਕਰ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਅਜਿਹੇ ਮਾਨਵਾਂ ਦਾ ਜ਼ਿਕਰ ਗੁਰਬਾਣੀ ਵਿਚ ਕਰਦੇ ਹਨ -

ਜਗੁ ਕਊਆ ਮੁਖਿ ਚੁੰਚ ਗਿਆਨੁ।।ਅੰਤਰਿ ਲੋਭ ਬੂਹੁ ਅਭਿਮਾਨੁ ।।

(ਆਦਿ ਗ੍ਰੰਥ ਪੰਨਾ ਨੰ. 832)

ਮੂੰਹ ਤੋਂ ਰਾਮ-ਰਾਮ, ਵਾਹਿਗੁਰੂ, ਅੱਲ੍ਹਾ, ਗੌਡ ਦਾ ਨਾਮ ਵਾਰ-ਵਾਰ ਨਿਕਲ ਰਿਹਾ ਹੈ, ਪ੍ਰੰਤੂ ਜੇਕਰ ਪੂਛੋ ਤਾਂ ਕਹੇਗਾ ਪਤਾ ਨਹੀਂ ? ਹੁਣ ਜੇਕਰ ਅਜਿਹੇ ਮਾਨਵ ਨੂੰ ਕੋਈ ਅਗਿਆਨੀ ਕਹੇਗਾ ਤਾਂ ਝਟ ਲੜਨ-ਮਰਨ ਲਈ ਤਿਆਰ ਹੋ ਜਾਂਦੇ ਹਨ। ਅੱਗੋਂ ਪੁਛਦੇ ਨਹੀਂ ਕਿ ਸੱਚ ਕੀ ਹੈ? ਸਹਿਨਸ਼ਾਹ ਜੀ ਅਵਤਾਰ ਬਾਣੀ ਵਿਚ ਸੁਚੇਤ ਕਰਦੇ ਹਨ-

ਬਿਨ ਗੁਰ ਭਗਤੀ ਮੁਲ ਨਾ ਹੋਵੇ
ਜੈ ਕਰਦਾ ਪਛਤਾਂਦਾ ਏ।

ਅਧਿਆਤਮ ਦਾ ਭੌਤਿਕ ਪ੍ਰਾਪਤੀਆਂ ਨਾਲ ਕੋਈ ਟਕਰਾਵ ਨਹੀਂ ਹੈ, ਰੁੱਤਬੇ ਅਤੇ ਡਿਗਰੀਆਂ ਹਾਸਿਲ ਕਰਨੀਆਂ ਚੰਗੀ ਗੱਲ ਹੈ ਅਤੇ ਇਸ ਤੋਂ ਵੀ ਚੰਗੀ ਗੱਲ ਇਹ ਹੈ ਕਿ ਸਤਿਗੁਰ ਪਾਸੋਂ ਆਪੇ ਦੀ ਪਹਿਚਾਣ ਕਰਕੇ ਨੇਕ ਅਤੇ ਕਰਮਯੋਗੀ ਬੰਦਾ ਬਣਿਆ ਜਾਵੇ ਅਤੇ ਸਾਡੀ ਸੋਚ ਅਤੇ ਮਤਿ ਪਵਿੱਤਰ ਕਰਮ ਮਾਰਗ ਤੇ ਚੱਲੇ।

ਪਵਨ ਅਰੰਭੁ ਸਤਿਗੁਰ ਮਤਿ ਵੇਲਾ।।
ਸਬਦੁ ਗੁਰੂ ਸੁਰਤਿ ਧੁਨਿ ਚੇਲਾ।।

(ਆਦਿ ਗ੍ਰੰਥ ਪੰਨਾ ਨੰ. 943)

ਮੁਸਲਮਾਨ ਭਰਾਵਾਂ ਦੇ ਗ੍ਰੰਥਾਂ ਵਿਚ ਜ਼ਿਕਰ ਆਉਂਦਾ ਹੈ ਕਿ ਖੁਦਾ ਦੇ ਇਸ ਕੁਨਬੇ ਸੰਸਾਰ ਵਿਚ ਦੋ ਤਰ੍ਹਾਂ ਦੇ ਜੀਵ ਵਸਦੇ ਹਨ। ਇਕ ਨੂਰੀ ਦੂਜੇ ਖਾਕੀ ਹੁੰਦੇ ਹਨ। ਹੋਰ ਅਧਿਆਤਮਿਕ ਗ੍ਰੰਥਾਂ ਵਿਚ ਜ਼ਿਕਰ ਹੈ ਕਿ ਜਗ ਵਿਚ ਤਿੰਨ ਤਰ੍ਹਾਂ ਦੇ ਜੀਵਾਂ ਦੀ ਹੀ ਭਰਮਾਰ ਹੈ, ਜਿਵੇਂ ਰਜੋਗੁਣੀ, ਤਮੋਗੁਣੀ, ਸਤੋਗੁਣੀ ਹਨ ਪ੍ਰੰਤੂ ਚੌਥੇ ਬ੍ਰਹਮ ਅਵਸਥਾ ਵਿਚ

ਐ ! ਮਾਨਵ ਤੂੰ ਜਿਸ ਜੋਤ ਦੀ ਅੰਸ਼ ਹੈ ਉਸ ਨੂੰ ਜਾਣ ਲੈ, ਇਹ ਪ੍ਰਾਪਤੀ ਸ਼ਰੀਰ ਦੀ ਹੋਂਦ ਤਕ ਹੀ ਹੋ ਸਕਦੀ ਹੈ, ਇਸੇ ਲਈ ਮਾਨਵ ਸ਼ਰੀਰ ਨੂੰ ਬਹੁਤ ਅਮੋਲਕ ਕਿਹਾ ਗਿਆ ਹੈ। ਜਿਨ੍ਹਾਂ ਨੇ ਵੀ ਸੰਤਜਨਾਂ ਦੀ ਆਵਾਜ਼ ਵਲ ਧਿਆਨ ਦੇ ਕੇ ਕਦਮ ਵਧਾਇਆ, ਉਹ ਦੁਨੀਆਂ ਦੇ ਸਾਰੇ ਸੁਖ ਭੋਗਦੇ ਹੋਏ ਸਤਿਗੁਰੂ ਦੀ ਕ੍ਰਿਪਾ ਨਾਲ ਪਾਰਬ੍ਰਹਮ ਨਿਰੰਕਾਰ ਨੂੰ ਪ੍ਰਾਪਤ ਹੋਏ।

ਵਿਚਰਣ ਕਰਨ ਵਾਲੇ ਸਹਿਜ ਗੁਣੀ ਹੁੰਦੇ ਹਨ ਅਤੇ ਹਰ ਤਰ੍ਹਾਂ ਹਰ ਸਮੇਂ ਅਨੰਦ ਵਿਚ ਰਹਿੰਦੇ ਹਨ। ਇਸ ਚੌਥੇ ਸਹਿਜ ਪਦ ਦੀ ਪ੍ਰਾਪਤੀ ਹੀ ਮਾਨਵ ਜੀਵਨ ਦਾ ਮੰਤਵ ਹੈ। ਇਹ ਪੂਰੇ ਸਤਿਗੁਰੂ ਪਾਸੋਂ ਦਾਤਾਰ ਦੀ ਕ੍ਰਿਪਾ ਨਾਲ ਪ੍ਰਾਪਤ ਹੋਵੇਗਾ।

ਸਤਿਗੁਰੂ ਦਾ ਇਕ ਬੋਲਿਆ ਹੋਇਆ ਸ਼ਬਦ ਅਤੇ ਇਸ਼ਾਰਾ ਕਈ ਯੁਗਾਂ ਦੀ ਪਾਪਾਂ ਦੀ ਮੈਲ ਮਿਟਾਉਣ ਦੇ ਸਮਰਥ ਹੁੰਦਾ ਹੈ। ■

ਸਮਾਗਮ ਸੋਵੀਨਰ - ਰਚਨਾਵਾਂ ਭੇਜੋ

62ਵੇਂ ਸਾਲਾਨਾ ਸੰਤ ਸਮਾਗਮ ਤੇ ਪ੍ਰਕਾਸ਼ਤ ਹੋਣ ਵਾਲੇ ਸੋਵੀਨਰ ਦਾ ਵਿਸ਼ਾ ਹੋਵੇਗਾ

ਸਹਿਨਸ਼ੀਲਤਾ

ਪਹਿਲੇ ਸਾਲਾਂ ਦੀ ਤਰ੍ਹਾਂ ਇਹ ਸੋਵੀਨਰ ਵੀ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਹੋਵੇਗਾ। ਲੇਖਕਾਂ, ਕਵੀਆਂ, ਗੀਤਕਾਰਾਂ ਆਦਿ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਵਿਸ਼ੇ ਦੇ ਅਲਗ-ਅਲਗ ਪਹਿਲੂਆਂ ਨੂੰ ਛੂੰਹਦੀਆਂ ਅਪਣੀਆਂ ਸਾਰ-ਭਰਪੂਰ ਰਚਨਾਵਾਂ 30 ਸਤੰਬਰ 2009 ਤਕ ਹੇਠ ਲਿਖੇ ਪਤੇ ਤੇ ਭੇਜੋ —

ਸੰਪਾਦਕ (ਪੰਜਾਬੀ), ਸਮਾਗਮ ਸੋਵੀਨਰ
ਪਤ੍ਰਿਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,
ਸੰਤ ਨਿਰੰਕਾਰੀ ਕਲੋਨੀ, ਦਿੱਲੀ-110009

ਸਤਿਗੁਰੂ ਪ੍ਰਵਚਨ

8 ਜੁਲਾਈ 2009 (ਬੁੱਧਵਾਰ) ਨੂੰ ਮਦਨਗੀਰ (ਦਿੱਲੀ) ਵਿਖੇ ਵਿਸ਼ਾਲ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਫਰਮਾਇਆ–

ਸਾਧ ਸੰਗਤ ਜੀ ਪ੍ਰੇਮ ਨਾਲ ਕਹਿਣਾ,
ਧੰਨ ਨਿਰੰਕਾਰ ।

ਸਾਧ ਸੰਗਤ ਜੀ, ਅੱਜ ਦੱਖਣੀ ਦਿੱਲੀ ਦੇ ਇਸ ਮਦਨਗੀਰ ਇਲਾਕੇ ਵਿਚ ਆਉਣ ਦਾ ਮੌਕਾ ਮਿਲਿਆ ਹੈ। ਇਸ ਮੈਦਾਨ ਵਿਚ ਮਿਲ-ਬੈਠ ਕੇ ਇਸ ਨਿਰਾਕਾਰ-ਪਾਰਬ੍ਰਹਮ-ਪਰਮਾਤਮਾ ਦਾ ਜਿਥੇ ਗੁਣਗਾਨ ਕੀਤਾ ਜਾ ਰਿਹਾ ਹੈ, ਉਥੇ ਹੀ ਭਗਤੀ ਭਰਿਆ ਜੀਵਨ ਜੀਣ ਦੀਆਂ ਪ੍ਰੇਰਣਾਵਾਂ ਵੀ ਮਿਲ ਰਹੀਆਂ ਹਨ। ਮਾਨਵਤਾ ਦੀ ਰਾਹ ਤੇ ਚਲਦੇ ਹੋਏ ਭਾਵ ਕਿ ਅਸਲੀ ਧਰਮ ਦੇ ਮਾਰਗ ਤੇ ਚਲਦੇ ਹੋਏ ਕਿਉਂਕਿ ਇਨਸਾਨੀਅਤ ਨੂੰ ਹੀ ਸੱਚਾ ਧਰਮ ਮਹਾਂਪੁਰਸ਼ਾਂ ਨੇ ਯੁਗਾਂ-ਯੁਗਾਂ ਤੋਂ ਦੱਸਿਆ ਹੈ, ਅਜਿਹੇ ਧਰਮ ਨੂੰ ਮਜ਼ਬੂਤੀ ਦੇਣ ਲਈ ਇਥੇ ਗੀਤਕਾਰਾਂ, ਕਵੀਆਂ ਨੇ ਜਾਂ ਵਿਖਿਆਨਾਂ ਦੇ ਰੂਪ ਵਿਚ ਜਾਂ ਫੇਰ ਬੱਚਿਆਂ ਨੇ ਅੰਗਰੇਜ਼ੀ, ਹਿੰਦੀ ਭਾਸ਼ਾ ਦਾ ਸਹਾਰਾ ਲੈ ਕੇ ਜੋ ਪੈਗਾਮ ਦਿੱਤਾ ਹੈ, ਵਾਕਈ ਯੁਗਾਂ-ਯੁਗਾਂ ਤੋਂ ਸੰਤਾਂ-ਮਹਾਤਮਾਵਾਂ-ਭਗਤਾਂ ਨੇ ਇਹੀ ਸੰਦੇਸ਼ ਹਰ ਇਨਸਾਨ ਨੂੰ ਦਿੱਤਾ। ਇਸ ਤਰ੍ਹਾਂ ਇਨਸਾਨ ਦੀ ਭਲਾਈ ਨੂੰ ਦਿਲੋ-ਦਿਮਾਗ ਵਿਚ ਰੱਖਦੇ ਹੋਏ ਭਗਤ ਹਮੇਸ਼ਾਂ ਹੀ ਇਹ ਜਤਨ ਕਰਦੇ ਆਏ ਹਨ ਕਿ ਅਮੋਲਕ ਜਨਮ ਇਨਸਾਨੀ ਮਿਲਿਆ

ਹੈ। ਇਹ ਸੁਨਹਿਰੀ ਜਨਮ ਪਾ ਕੇ ਵੀ ਇਨਸਾਨ ਜੇਕਰ ਇਸਦੀ ਕਦਰ ਨਹੀਂ ਕਰਦਾ, ਇਸਦੀ ਕੀਮਤ ਨਹੀਂ ਪਾਂਦਾ ਤਾਂ ਇਹ ਇਸ ਅਮੋਲਕ ਜਨਮ ਨੂੰ ਕੌਡੀਆਂ ਦੇ ਭਾਅ ਗਵਾ ਦੇਂਦਾ ਹੈ ਅਤੇ ਇਸ ਵਿਚ ਇਸੀ ਦਾ ਹੀ ਨੁਕਸਾਨ ਹੁੰਦਾ ਹੈ ਇਸ ਲਈ ਮਹਾਂਪੁਰਸ਼ ਸੰਤਜਨ ਇਹ ਚੇਤਾਵਨੀ ਲਗਾਤਾਰ ਦੇਂਦੇ ਆ ਰਹੇ ਹਨ। ਕਬੀਰ ਜੀ ਦੀ ਵਾਣੀ ਪੜੀਏ ਤਾਂ ਚੇਤਾਵਨੀ ਮਿਲ ਜਾਏਗੀ, ਰਵੀਦਾਸ ਜੀ ਦੇ, ਤੁਕਾਰਾਮ ਜੀ ਦੇ ਵਚਨ ਪੜ ਲਈਏ, ਤਾਂ ਵੀ ਉਸ ਵਿਚ ਇਹੀ ਪੈਗਾਮ ਮਿਲ ਜਾਏਗਾ ਭਾਵ ਕਿ ਤਮਾਮ ਸੰਤ-ਮਹਾਤਮਾਵਾਂ, ਗੁਰੂ-ਪੀਰ-ਪੈਗੰਬਰਾਂ ਨੇ ਜੋ ਮਾਨਵ ਨੂੰ ਸੰਦੇਸ਼ ਦਿੱਤਾ, ਉਹ ਇਸੀ ਪਾਸੇ ਧਿਆਨ ਕਰਾਉਣ ਦੇ ਰੂਪ ਵਿਚ ਹੈ, ਜਾਗ੍ਰਤੀ ਲਿਆਉਣ ਦੇ ਰੂਪ ਵਿਚ ਹੈ, ਇਸ ਚੇਤਾਵਨੀ ਦੇ ਰੂਪ ਵਿਚ ਹੈ। ਇਸਨੂੰ ਜੇਕਰ ਇਨਸਾਨ ਸੁਣਿਆ-ਅਣਸੁਣਿਆ ਕਰੇਗਾ, ਅਗਰ ਇਸ ਪਾਸੇ ਧਿਆਨ ਨਹੀਂ ਦੇਵੇਗਾ, ਤਾਂ ਇਨਸਾਨ ਨੂੰ ਅਹਿਸਾਸ ਨਹੀਂ ਹੋਵੇਗਾ ਕਿ ਉਹ ਅਪਣੇ ਆਪਦਾ ਕਿੰਨਾ ਨੁਕਸਾਨ ਕਰ ਰਿਹਾ ਹੈ, ਕਿਉਂਕਿ –

ਪਉੜੀ ਛੁੜਕੀ ਹਾਥਿ ਨ ਆਵੈ ਅਹਲਾ ਜਨਮ ਗਵਾਇਆ।।

ਮਨਮੁਖ ਬਣ ਕੇ ਇਨਸਾਨ ਅਜਿਹੇ ਅਵਸਰ ਨੂੰ ਵਿਅਰਥ ਗਵਾ ਰਿਹਾ ਹੈ, ਇਸ ਵਲ ਚੇਤੰਨ ਨਾ ਹੋਣ ਕਾਰਣ, ਉਤਸ਼ਾਹਿਤ ਨਾ ਹੋਣ ਕਾਰਣ, ਇਸ ਪਾਸੇ ਕਦਮ ਨਾ ਵਧਾਉਣ ਦੇ ਕਾਰਣ, ਬ੍ਰਹਮਗਿਆਨੀਆਂ ਦਾ ਸੰਗ ਕਰਕੇ ਸੱਚ ਦੀ ਰੌਸ਼ਨੀ ਨਾ ਜਗਾਉਣ ਦੇ ਕਾਰਣ, ਇਹ ਆਵਾਗਮਨ ਦੇ ਬੰਧਨ ਵਿਚ ਪਿਆ ਰਹੇਗਾ, ਇਸ ਗੱਲ ਦਾ ਇਸ ਨੂੰ ਅਹਿਸਾਸ ਨਹੀਂ। ਇਸ ਲਈ ਸੰਤ-ਮਹਾਤਮਾ-ਭਗਤਜਨ ਇਹੀ ਪੈਗਾਮ ਹਰ ਮਾਨਵ ਨੂੰ ਦੇਂਦੇ ਚਲੇ ਜਾ ਰਹੇ ਹਨ, ਭਾਵੇਂ ਕੋਈ ਕਿਸੇ ਵੀ ਭਾਸ਼ਾ, ਕਿਸੇ ਵੀ ਸੰਸਕ੍ਰਿਤੀ ਵਿਚ ਪੈਦਾ ਹੋਇਆ ਹੈ, ਜਿਵੇਂ ਦਾਸ ਅਕਸਰ ਕਹਿੰਦਾ ਹੈ ਕਿ ਜੇਕਰ ਇਹ ਸ਼ਰੀਰ ਹੈ ਅਤੇ ਨਾਲ ਸਾਡਾ ਇਹ ਮਨ ਹੈ ਤਾਂ ਕੋਈ ਚਾਹੇ ਬੰਗਾਲੀ ਹੈ, ਪੰਜਾਬੀ ਹੈ, ਸਿੰਧੀ ਹੈ, ਗੁਜਰਾਤੀ ਹੈ, ਅਮਰੀਕਨ ਹੈ,

ਆਪਣੇ ਹੀ ਸ਼ਰੀਰ ਨੂੰ ਵੇਖ ਲਈਏ। ਪਿਛੇ ਅਪਣੀ ਨਜ਼ਰ ਘੁਮਾ ਕੇ ਵੇਖੀਏ ਜਾਂ ਬਚਪਨ ਦੀਆਂ ਅਪਣੀਆਂ ਤਸਵੀਰਾਂ ਵੇਖ ਲਈਏ, ਸਕੂਲ ਟਾਇਮ ਦੀਆਂ ਵੇਖ ਲਈਏ, ਉਸ ਤੋਂ ਪਹਿਲਾਂ ਦੀਆਂ ਵੇਖ ਲਈਏ, ਗੋਦੀ ਵਿਚ ਚੁਕਿਆ ਹੋਇਆ ਹੈ ਮਾਤ-ਪਿਤਾ ਨੇ, ਉਹ ਵੀ ਇਹੀ ਸ਼ਰੀਰ ; ਉਸਦਾ ਕੀ ਰੂਪ ਬਣ ਗਿਆ ? ਇਸੇ ਤਰ੍ਹਾਂ ਨਾਲ ਇਕ – ਇਕ ਚੀਜ਼ ਵਿਚ Changes ਪ੍ਰੀਵਰਤਨ ਆ ਰਿਹਾ ਹੈ, ਬਦਲਾਵ ਆ ਰਿਹਾ ਹੈ।

ਪਾਕਿਸਤਾਨੀ ਹੈ, ਜਾਪਾਨੀ ਹੈ ਜਾਂ ਚੀਨੀ ਹੈ ਤਾਂ ਸਾਰਿਆਂ ਵਿਚ ਇਹ ਤਨ-ਮਨ ਹੈ ਨਾਲ ਹੀ ਆਤਮਾ ਵੀ ਅਤੇ ਇਨ੍ਹਾਂ ਵਿਚੋਂ ਆਤਮਾ ਦਾ ਸਭ ਤੋਂ ਜ਼ਿਆਦਾ ਮਹੱਤਵ ਹੈ। ਆਤਮਾ ਦੇ ਹੀ ਕਲਿਆਣ ਦੀ ਗੱਲ ਯੁਗਾਂ-ਯੁਗਾਂ ਤੋਂ ਹੋ ਰਹੀ ਹੈ। ਇਹ ਪੈਗਾਮ ਹਮੇਸ਼ਾ ਤੋਂ ਹਰ ਇਨਸਾਨ ਨੂੰ ਦਿੱਤਾ ਜਾਂਦਾ ਹੈ ਤਾਂਕਿ ਹਰ ਕੋਈ ਅਪਣੀ ਆਤਮਾ ਦਾ ਕਲਿਆਣ ਕਰ ਸਕੇ ਲੇਕਿਨ ਸੰਸਾਰ ਵਿਚ ਪੈਦਾ ਹੋ ਜਾਣ ਦੇ ਬਾਦ ਇਨਸਾਨ ਇਸ ਸ਼ਰੀਰ ਵਿਚ ਰਹਿੰਦੇ ਹੋਏ ਇਸ ਆਤਮਾ ਦਾ ਖਿਆਲ ਨਹੀਂ ਕਰਦਾ, ਇਸਦੇ ਕਾਰਣ ਹੀ ਇਹ ਸ਼ਰੀਰ ਚਲ-ਫਿਰ ਰਹੇ ਹਨ। ਇਹ ਜੀਵਨ ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਜੀਵਨ ਲੀਲਾ ਚਲ ਰਹੀ ਹੈ। ਜੀਵਨ ਲੀਲਾ ਦਾ ਸਮਾਪਨ ਅਸੀਂ ਤਦ ਮੰਨ ਲੈਂਦੇ ਹਾਂ ਜਦੋਂ ਆਤਮਾ ਦਾ ਨਾਤਾ ਇਸ ਸ਼ਰੀਰ ਨਾਲੋਂ ਟੂਟ ਜਾਂਦਾ ਹੈ। ਜਿਸ ਦੇ ਕਾਰਣ ਇਹ ਜੀਵਨ ਲੀਲਾ ਚਲ ਰਹੀ ਹੈ, ਉਸੇ ਵਲੋਂ ਇਨਸਾਨ ਐਨਾ ਲਾਪ੍ਰਵਾਹ ਰਹਿੰਦਾ ਹੈ ਅਤੇ ਸ਼ਰੀਰ ਜਿਸਨੂੰ ਖ਼ਾਕ ਦਾ ਪੁਤਲਾ ਕਿਹਾ ਗਿਆ ਹੈ ਅਤੇ ਖ਼ਾਕ ਦੀ ਢੇਰੀ ਵਿਚ ਦੇਰ-ਸਵੇਰ ਇਸ ਨੇ ਤਬਦੀਲ ਹੋ ਹੀ ਜਾਣਾ ਹੈ। ਕਿਸੇ ਦਾ ਲਿਹਾਜ ਨਹੀਂ ਹੈ। ਮਹਾਂਪੁਰਸ਼-ਭਗਤਜਨ-ਸੰਤਜਨ ਦੱਸਦੇ ਹਨ ਕਿ ਆਤਮਾ ਦਾ ਕਲਿਆਣ ਕਿੰਨਾ ਮਹੱਤਵ ਰੱਖਦਾ ਹੈ, ਇਹ ਇਨਸਾਨ ਨੂੰ ਅਹਿਸਾਸ ਨਹੀਂ। ਇਸ ਸ਼ਰੀਰ ਵਿਚ ਰਹਿੰਦੇ ਹੋਏ ਨਿਸਚੇ ਹੀ ਸ਼ਰੀਰ ਨੂੰ ਜ਼ਿਆਦਾ ਮਹੱਤਵ ਮਿਲਦਾ ਹੈ। ਸ਼ਰੀਰ ਦੇ ਲਈ ਭੋਜਨ, ਕਪੜਾ ਅਤੇ ਕਈ ਪ੍ਰਕਾਰ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੇ ਹੋਏ ਜੀਵਨ ਜੀਣਾ ਹੁੰਦਾ ਹੈ। ਇਸ ਦੇ ਲਈ ਇਨਸਾਨ ਸਾਰੀ ਉਮਰ ਲਗਾ ਦੇਂਦਾ ਹੈ। ਜਿਵੇਂ ਥੋੜੀ ਦੇਰ ਪਹਿਲਾਂ ਵੀ ਮਹਾਂਪੁਰਸ਼ ਕਹਿ ਰਹੇ ਸੀ ਕਿ –

ਮਾਟੀ ਘੋੜਾ ਮਾਟੀ ਜੋੜਾ ਮਾਟੀ ਦਾ ਅਸਵਾਰ,
ਹਸ ਖੇਡ ਫਿਰ ਮਾਟੀ ਹੋਵੇ ਪੈਂਦਿ ਪੋਨ ਪਸਾਰ।

ਇਸ ਤਰ੍ਹਾਂ ਹੈ ਤਾਂ ਸਭ ਕੁਝ ਮਿੱਟੀ ਹੀ । ਇਹ ਖ਼ਾਕ ਦਾ ਪੁਤਲਾ ਖ਼ਾਕ ਦੀ ਢੇਰੀ ਵਿਚ ਤਬਦੀਲ ਹੋ ਜਾਂਦਾ ਹੈ ਲੇਕਿਨ ਇਨਸਾਨ ਇਸ ਨੂੰ ਮਹੱਤਤਾ ਦੇਂਦਾ ਚਲਾ ਜਾਂਦਾ ਹੈ ਸਾਰੀ ਉਮਰ ਕਿ–

ਬਹੁਤ ਜਤਨ ਕਰ ਕਾਇਆ ਪਾਲੀ,
ਚਲਤੀ ਬਾਰ ਅਗਨਿ ਸੰਗ ਜਾਲੀ।

ਕਿ ਕਿੰਨੇ ਜਤਨਾਂ ਨਾਲ ਸ਼ਰੀਰ ਦਾ ਪਾਲਨ ਕੀਤਾ ਜਾਂਦਾ ਹੈ, ਖੁਰਾਕ ਵੀ ਦਿੱਤੀ ਜਾਂਦੀ ਹੈ ਅਤੇ ਇਸ ਕਾਇਆ ਨੂੰ ਕਿੰਨੀ ਲਗਨ ਨਾਲ ਸਜਾਇਆ - ਸੰਵਾਰਿਆ ਜਾਂਦਾ ਹੈ। ਦਿਨ ਵਿਚ ਕਿੰਨਾ ਹੀ ਸਮਾਂ ਇਹ ਸ਼ਰੀਰ ਨੂੰ ਸੁੰਦਰ ਰੂਪ ਦੇਣ ਲਈ ਦਿੱਤਾ ਜਾਂਦਾ ਹੈ, ਪੈਸੇ ਵੀ ਖਰਚ ਕੀਤੇ ਜਾਂਦੇ ਹਨ, ਲੇਕਿਨ ਆਤਮਾ ਦੇ ਉਦੱਾਰ ਲਈ , ਇਹ ਮਨ ਵਿਚਕਾਰ ਅਜਿਹੀ ਰੁਕਾਵਟ ਬਣ ਜਾਂਦਾ ਹੈ ਜਿਸ ਦੇ ਕਾਰਣ ਫਿਰ ਆਤਮਾ ਆਵਾਗਮਨ ਦੇ ਚੱਕਰ ਵਿਚ ਫਸ ਜਾਂਦੀ ਹੈ।ਮਹਾਂਪੁਰਸ਼-ਸੰਤਜਨ ਇਹੀ ਕਹਿੰਦੇ ਹਨ ਕਿ ਸ਼ਰੀਰ ਹੈ ਤਾਂ ਸ਼ਰੀਰ ਦੀ ਸੰਭਾਲ ਕਰਨਾ ਵੀ ਬਹੁਤ ਜ਼ਰੂਰੀ ਹੈ ਲੇਕਿਨ ਜਿਸ ਦਾ ਮਹੱਤਵ ਹੈ ਉਸ ਵਲ ਧਿਆਨ ਦੇਣਾ ਹੋਰ ਵੀ ਜ਼ਿਆਦਾ ਜ਼ਰੂਰੀ ਹੈ। ਉਸਨੂੰ ਸਭ ਤੋਂ ਜ਼ਿਆਦਾ ਤਰਜੀਹ ਦੇਣਾ ਜ਼ਰੂਰੀ ਹੈ। ਬਾਕੀ ਚੀਜ਼ਾਂ ਦੀ ਸੰਭਾਲ ਠੀਕ ਹੈ ਲੇਕਿਨ ਇਸਦੀ ਕੀਮਤ ਤੇ ਨਹੀਂ।

ਜਿਵੇਂ ਉਹ ਵੀ ਮਿਸਾਲ ਅਨੇਕਾਂ ਵਾਰ ਦਿੱਤੀ ਗਈ ਕਿ ਇਕ ਰਾਜਾ ਦਾ ਬੇਟਾ ਵਾਰ-ਵਾਰ ਅਪਣੇ ਪਿਤਾ ਨੂੰ ਕਹੇ ਕਿ ਮੈਂ ਨਦੀ ਤੇ ਨਹਾਉਣਾ ਹੈ। ਰਾਜਾ ਦੇ ਮਨ ਵਿਚ ਘਬਰਾਹਟ

ਸੀ ਲੇਕਿਨ ਵਾਰ-ਵਾਰ ਕਹਿਣ ਤੇ ਉਹ ਮੰਨ ਗਿਆ ਅਤੇ ਨਾਲ ਭੇਜ ਦਿੱਤਾ ਇਕ ਨੌਕਰ ਨੂੰ, ਇਹ ਨਿਰਦੇਸ਼ ਦੇ ਕੇ ਕਿ ਇਸਦਾ ਖਿਆਲ ਰੱਖਣਾ, ਬਹੁਤ ਕੀਮਤੀ ਕਪੜੇ ਇਸਨੇ ਪਾਏ ਹੋਏ ਹਨ ਅਤੇ ਇਹ ਕਲਗੀ ਵੀ, ਜੋ ਪਗੜੀ ਦੇ ਉਪਰ ਲੱਗੀ ਹੋਈ ਹੈ ਹੀਰੇ ਦੀ ਹੈ। ਧਿਆਨ ਰੱਖਣਾ, ਜਾਗਰੂਕ ਰਹਿਣਾ। ਜਦੋਂ ਇਹ ਨਹਾ ਰਿਹਾ ਹੋਵੇਗਾ ਤਾਂ ਕਪੜੇ ਬਾਹਰ ਪਏ ਹੋਣਗੇ, ਕਲਗੀ ਵੀ ਬਾਹਰ ਰੱਖੀ ਹੋਵੇਗੀ ਤਾਂ ਤੂੰ ਉਸਦਾ ਧਿਆਨ ਰੱਖਣਾ, ਚੇਤੰਨ ਰਹਿਣਾ ਹੈ। ਸੌਣਾ ਵੀ ਨਹੀਂ, ਉਥੋਂ ਹਟਣਾ ਵੀ ਨਹੀਂ। ਇਸ ਤਰ੍ਹਾਂ ਨਿਰਦੇਸ਼ ਸੁਣ ਕੇ ਉਸ ਬੇਟੇ ਦੇ ਨਾਲ ਨੌਕਰ ਚਲਾ ਗਿਆ। ਬੇਟਾ ਕਪੜੇ ਉਤਾਰ ਕੇ ਨਹਾ ਰਿਹਾ ਹੈ ਨਦੀ ਵਿਚ ਅਤੇ ਨਹਾਂਦੇ-ਨਹਾਂਦੇ ਕੁਝ ਗੋਤਾ ਜਿਹਾ ਖਾ ਗਿਆ, ਸਾਹ ਫੁੱਲਣ ਲੱਗਾ, ਉਹ ਚੀਕਣ ਲੱਗਾ ਅਤੇ ਲਗਾਤਾਰ ਚਿੱਲਾ ਰਿਹਾ ਹੈ; ਐਨੇ 'ਚ ਉਥੇ ਰਾਜਾ ਆ ਗਿਆ। ਰਾਜਾ ਉਸ ਨੌਕਰ ਨੂੰ ਕਹਿੰਦਾ ਹੈ ਕਿ ਤੂੰ ਵੇਖ ਨਹੀਂ ਰਿਹਾ ਕਿ ਮੇਰਾ ਬੇਟਾ ਡੁੱਬ ਰਿਹਾ ਹੈ, ਚੀਕ ਰਿਹਾ ਹੈ। ਮੈਂ ਤੈਨੂੰ ਕਿੰਨਾ ਸਮਝਾਇਆ ਸੀ ਕਿ ਖਿਆਲ ਰੱਖਣਾ ਤਾਂ ਨੌਕਰ ਕਹਿਣ ਲੱਗਾ ਕਿ ਮੈਂ ਖਿਆਲ ਹੀ ਤਾਂ ਰੱਖ ਰਿਹਾ ਹਾਂ। ਆਪ ਨੇ ਹੀ ਤਾਂ ਕਿਹਾ ਸੀ ਕਿ ਇਹ ਕਪੜੇ, ਇਹ ਕਲਗੀ, ਇਨ੍ਹਾਂ ਦੀ ਪੂਰੀ ਸੰਭਾਲ ਰੱਖਣਾਂ ਤਾਂ ਰਾਜਾ ਕਹਿਣ ਲੱਗਾ ਕਿ- ਕਿਹੋ ਜਿਹਾ ਮੂਰਖ ਹੈ ਤੂੰ। ਬੇਸ਼ਕ ਇਹ ਚੀਜ਼ਾਂ ਕੀਮਤੀ ਹਨ ਪਰ ਕੀ ਮੇਰੇ ਬੇਟੇ ਤੋਂ ਜ਼ਿਆਦਾ ਇਹ ਚੀਜ਼ਾਂ ਕੀਮਤੀ ਹਨ ? ਤੈਨੂੰ ਐਨੀ ਤਾਂ ਸਮਝ ਹੋਣੀ ਚਾਹੀਦੀ ਹੈ। ਖੈਰ, ਕੁੱਦ ਕੇ ਬੇਟੇ ਨੂੰ ਬਚਾ ਲਿਆ ਗਿਆ।

ਕਹਿਣ ਦਾ ਭਾਵ ਹੈ ਕਿ ਇਸ ਤਰ੍ਹਾਂ ਨਾਲ ਇਨਸਾਨ ਇਸ ਜੀਵਨ ਨੂੰ ਜੀਦੇ ਹਨ। ਮਨੁੱਖੀ ਸ਼ਰੀਰ ਨੂੰ ਹਾਸਿਲ ਕਰਦੇ ਹਨ ਅਤੇ ਕਿੰਨੇ-ਕਿੰਨੇ ਸਾਲ ਵੀ ਇਸ ਸ਼ਰੀਰ ਦੇ ਰਾਹੀਂ ਯਾਤਰਾ ਤੈਅ ਹੁੰਦੀ ਹੈ ਲੇਕਿਨ ਅਨੇਕਾਂ ਅਜਿਹੇ ਹਨ ਜੋ ਐਨੇ ਸਾਲ ਬੀਤ ਜਾਣ ਦੇ ਬਾਦ ਵੀ, ਐਨੀ ਉਮਰ ਭੋਗ ਲੈਣ ਦੇ ਬਾਦ ਵੀ ਆਤਮਾ ਦੀ ਅਗਿਆਨਤਾ ਨੂੰ ਕਾਇਮ ਰੱਖਦੇ ਹਨ ਅਤੇ ਉਸ ਦੇ ਕਾਰਣ ਆਤਮਾ ਫਿਰ ਆਵਾਗਮਨ ਦੇ ਚੱਕਰ ਵਿਚ ਫੱਸੀ ਰਹਿੰਦੀ ਹੈ। ਇਸਲਈ ਜਿਥੇ ਹੋਰ ਜ਼ਰੂਰੀ ਗੱਲਾਂ ਦਾ ਜ਼ਿਕਰ ਹੁੰਦਾ ਹੈ ਕਿ ਪਿਆਰ ਨਾਲ ਰਹੀਏ, ਸੇਵਾ ਕਰੀਏ, ਮਿੱਠਾ ਬੋਲੀਏ ਆਦਿ ਇਹ ਸਿਖਿਆਵਾਂ ਤਾਂ ਬਹੁਤ ਅਹਿਮੀਅਤ

ਰੱਖਦੀਆਂ ਹਨ ਲੇਕਿਨ ਆਤਮਾ ਨੂੰ ਨਿਜ-ਘਰ ਦੀ ਪ੍ਰਾਪਤੀ ਹੋ ਜਾਣੀ, ਆਵਾਗਮਨ ਦੇ ਚੱਕਰ ਤੋਂ ਛੁਟਕਾਰਾ ਮਿਲ ਜਾਣਾ, ਇਸਦੇ ਉਪਰ ਬ੍ਰਹਮਗਿਆਨੀ ਸਭ ਤੋਂ ਜ਼ਿਆਦਾ ਜ਼ੋਰ ਦੇਂਦੇ ਹਨ। ਆਤਮਾ ਦਾ ਕਲਿਆਣ ਪਰਲੋਕ ਸੁਹੇਲਾ ਹੋਣ ਨੂੰ ਕਹਿੰਦੇ ਹਨ ਅਤੇ ਲੋਕ ਦੀ ਯਾਤਰਾ ਸੁਖਦ ਬਣਾਉਣ ਲਈ ਬਾਕੀ ਚੀਜ਼ਾਂ ਕਹੀਆਂ ਗਈਆਂ ਹਨ ਕਿ ਪਿਆਰ ਨਾਲ ਰਹਿਣਾ ਹੈ, ਨਿਮਰ ਰਹਿਣਾ ਹੈ, ਮਿੱਠਾ ਬੋਲਣਾ ਹੈ, ਕਿਸੇ ਦਾ ਹੱਕ ਨਹੀਂ ਮਾਰਨਾ, ਅਮਾਨਤ ਵਿਚ ਖਿਆਨਤ ਨਹੀਂ ਕਰਨੀ, ਕਿਸੇ ਦੇ ਦਿਲ ਨੂੰ ਨਹੀਂ ਦੁਖਾਣਾ ਹੈ। ਇਸ ਤਰ੍ਹਾਂ ਇਸ ਲੋਕ ਦੀ ਯਾਤਰਾ ਜਦੋਂ ਅਸੀਂ ਇਨ੍ਹਾਂ ਗੁਣਾਂ ਨਾਲ ਭਰਪੂਰ ਹੋ ਕੇ ਤੈਅ ਕਰਦੇ ਹਾਂ ਤਾਂ ਸਾਡਾ ਲੋਕ ਵੀ ਸੁੰਦਰ ਹੋ ਜਾਂਦਾ ਹੈ। ਭਾਵ ਜ਼ਰੂਰੀ ਹੈ ਆਤਮਾ ਨੂੰ ਸੁੰਦਰ ਰੂਪ ਦੇਣਾ, ਆਤਮਾ ਦਾ ਵੀ ਕਲਿਆਣ ਕਰਨਾ, ਪਰਲੋਕ ਵੀ ਸੁਹੇਲਾ ਕਰਨਾ ਅਤੇ ਲੋਕ ਵੀ ਸੁੰਦਰ ਕਰਨਾ।

ਇਸ ਤਰ੍ਹਾਂ ਸੰਤ-ਮਹਾਤਮਾਵਾਂ ਇਹੀ ਪੈਗ਼ਾਮ ਹਰ ਮਾਨਵ ਨੂੰ ਦੇ ਰਹੇ ਹਨ। ਚਾਹੇ ਕੋਈ ਪਹਾੜਾਂ ਵਿਚ ਰਹਿੰਦਾ ਹੈ ਜਾਂ ਰੇਗਿਸਤਾਨੀ ਇਲਾਕੇ ਵਿਚ ਰਹਿੰਦਾ ਹੈ ਮਹਿੱਲਾਂ ਵਿਚ ਰਹਿੰਦਾ ਹੈ ਜਾਂ ਕੁਟੀਆ ਵਿਚ ਰਹਿੰਦਾ ਹੈ, ਇਹ ਨਹੀਂ ਕਿ ਮਹਿੱਲ ਵਾਲਿਆਂ ਨੂੰ ਜ਼ਰੂਰਤ ਨਹੀਂ ਜਾਂ ਕੁਟੀਆ ਵਾਲਿਆਂ ਨੂੰ ਜ਼ਰੂਰਤ ਨਹੀਂ। ਜਿਵੇਂ ਪਹਿਲਾਂ ਕਿਹਾ ਕਿ ਆਤਮਾ ਤਾਂ ਆਤਮਾ ਹੈ। ਸ਼ਰੀਰ ਭਾਵੇਂ ਸੰਗਮਰਮਰ ਲੱਗੀ ਇਮਾਰਤ ਵਿਚ ਰਹਿ ਰਿਹਾ ਹੈ ਜਾਂ ਸ਼ਰੀਰ ਘਾਹ-ਫੂਸ ਦੀ ਬਣੀ ਹੋਈ ਕੁਟੀਆ ਵਿਚ ਰਹਿ ਰਿਹਾ ਹੈ ਲੇਕਿਨ ਆਤਮਾ ਤਾਂ ਆਤਮਾ ਹੈ। ਇਸਲਈ ਚਾਹੇ ਕੋਈ ਕਿਥੇ ਵੀ ਰਹਿੰਦਾ ਹੈ, ਹਰ ਮਾਨਵ ਨੂੰ ਮਹਾਂਪੁਰਸ਼-ਸੰਤਜਨ ਇਹੀ ਸੰਦੇਸ਼ ਦੇਂਦੇ ਹਨ ਕਿ ਇਨਸਾਨ ਤੂੰ ਮੂਲ ਦੀ ਪਹਿਚਾਣ ਕਰਨੀ ਹੈ, ਸੱਚ ਦਾ ਬੋਧ ਹਾਸਿਲ ਕਰਨਾ ਹੈ। ਇਹ ਵਿੰਡਮਨਾ ਹੀ ਹੈ ਕਿ ਇਨਸਾਨ ਖਿਨਭੰਗੁਰ ਨੂੰ ਸ਼ਾਸਵਤ ਅਤੇ ਸ਼ਾਸਵਤ ਨੂੰ ਖਿਨਭੰਗੁਰ ਮੰਨ ਕੇ ਵਿਵਹਾਰ ਕਰ ਰਿਹਾ ਹੈ। ਸੰਤ-ਮਹਾਤਮਾ-ਭਗਤਜਨ ਇਨਸਾਨ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਜੋ ਸੱਚ ਹੈ ਇਸਨੂੰ ਸੱਚ ਕਰਕੇ ਜਾਣ ਲੈ ਅਤੇ ਸੱਚ ਨੂੰ ਜਾਣਨ ਦੇ ਕਾਰਣ ਹੀ ਮਿਥਿਆ ਦਾ ਅਹਿਸਾਸ ਹੋਵੇਗਾ। ਜੇਕਰ ਸੱਚ ਨੂੰ ਨਹੀਂ ਜਾਣਿਆ ਤਾਂ ਮਿਥਿਆ ਨੂੰ ਹੀ ਸੱਚ ਮੰਨ ਕੇ ਚਲਦਾ ਜਾਏਂਗਾ। ਇਹ ਵੀ ਮਿਸਾਲ ਥੋੜੀ ਦੇਰ ਪਹਿਲਾਂ ਆਈ ਕਿ ਸੱਚ ਉਹ ਸੀ ਜਾਂ ਸੱਚ ਇਹ ਹੈ। ਜਦੋਂ ਰਾਜਾ ਨੇ ਪੁਛਿਆ ਤਾਂ ਅੱਗੋਂ ਜਵਾਬ ਇਹੀ ਮਿਲਿਆ ਕਿ ਨਾ ਉਹ ਸੱਚ ਸੀ ਨਾ ਇਹ ਸੱਚ ਹੈ, ਤੂੰ ਇਕ ਵੱਡੇ ਸੁਪਨੇ ਵਿਚ ਦੂਜਾ ਸੁਪਨਾ ਵੇਖ ਲਿਆ ਤਾਂ ਇਸੇ ਤਰ੍ਹਾਂ ਨਾਲ ਮਹਾਂਪੁਰਸ਼ਾਂ ਦੇ ਜੋ ਵਚਨ ਅਸੀਂ ਹਮੇਸ਼ਾ ਸੁਣਦੇ ਹਾਂ ਕਿ ਸੰਸਾਰ ਸੁਪਨਾ ਹੈ, ਇਹ ਸੱਚ ਨਹੀਂ ਹੈ। ਸੱਚ ਜਾਣੇ ਬਗੈਰ ਝੂਠ ਦਾ ਸਾਨੂੰ ਅਹਿਸਾਸ ਨਹੀਂ ਹੋ ਸਕਦਾ। ਮਹਾਂਪੁਰਸ਼-ਸੰਤਜਨ ਸੱਚ ਵਲ ਸਾਡਾ ਧਿਆਨ ਕਰਾਉਂਦੇ ਹਨ ਅਤੇ ਸੱਚ ਇਹ ਨਿਰਾਕਾਰ-ਪਾਰਬ੍ਰਹਮ-ਪਰਮਸੱਤਾ ਹੈ, ਜੋ ਕਿ —

ਆਦਿ ਸਚੁ ਜੁਗਾਦਿ ਸਚੁ।।
ਹੈ ਭੀ ਸਚੁ ਨਾਨਕ ਹੋਸੀ ਭਿ ਸਚੁ।

ਕਲ ਵੀ ਸੀ, ਅੱਜ ਵੀ ਹੈ ਅਤੇ ਅੱਗੇ ਵੀ ਰਹੇਗਾ ਅਤੇ ਇਕ ਸਰੀਖਾ ਰਹੇਗਾ। ਬਾਕੀ ਸਾਰਿਆਂ ਨੂੰ ਝੂਠ ਕਿਹਾ ਗਿਆ ਹੈ, ਸੰਸਾਰ ਇਕ-ਰਸ ਰਹਿਣ ਵਾਲਾ ਨਹੀਂ। ਆਪਣੇ ਹੀ ਸ਼ਰੀਰ ਨੂੰ ਵੇਖ ਲਈਏ। ਪਿਛੇ ਅਪਣੀ ਨਜ਼ਰ ਘੁਮਾ ਕੇ ਵੇਖੀਏ ਜਾਂ ਬਚਪਨ ਦੀਆਂ ਅਪਣੀਆਂ ਤਸਵੀਰਾਂ ਵੇਖ ਲਈਏ, ਸਕੂਲ ਟਾਇਮ ਦੀਆਂ ਵੇਖ ਲਈਏ, ਉਸ ਤੋਂ ਪਹਿਲਾਂ ਦੀਆਂ ਵੇਖ ਲਈਏ, ਗੋਦੀ ਵਿਚ ਚੁਕਿਆ ਹੋਇਆ ਹੈ ਮਾਤਾ-ਪਿਤਾ ਨੇ, ਉਹ ਵੀ ਇਹੀ ਸ਼ਰੀਰ ; ਉਸਦਾ ਕੀ ਰੂਪ ਬਣ ਗਿਆ ? ਇਸੇ ਤਰ੍ਹਾਂ ਨਾਲ ਇਕ-ਇਕ ਚੀਜ਼ ਵਿਚ Changes ਪ੍ਰੀਵਰਤਨ ਆ ਰਿਹਾ ਹੈ, ਬਦਲਾਵ ਆ ਰਿਹਾ ਹੈ। Climatic Changes ਜਲਵਾਯੂ ਪ੍ਰਵਰਤਿਤ ਹੋ ਰਹੀ ਹੈ ਮਾਨਸੂਨ ਵਿਚ ਜਦਕਿ ਬਰਸਾਤਾਂ ਹੋਣੀਆਂ ਚਾਹੀਦੀਆਂ ਹਨ, ਉਥੇ ਸੋਕਾ ਪੈ ਰਿਹਾ ਹੈ। ਇਕ AL Nino Factor (ਏਲਨੀਨੋ ਫੈਕਟਰ), ਜੋ ਓਜ਼ੋਨ ਲੇਅਰ ਦੇ ਨਾਲ ਤਾਅਲੁੱਕ ਰੱਖਣ ਵਾਲਾ, ਇਹ Factor ਜਦੋਂ ਪ੍ਰਭਾਵੀ ਹੁੰਦੇ ਹਨ ਤਾਂ ਕਈ ਸਾਲ ਤਾਂ ਹੜ੍ਹਾਂ ਦਾ ਜ਼ੋਰ ਹੋ ਜਾਂਦਾ ਹੈ, ਕਈ ਸਾਲ ਸੋਕੇ ਦਾ ਜ਼ੋਰ ਹੋ ਜਾਂਦਾ ਹੈ। ਕਹਿਣ ਦਾ ਭਾਵ ਕਿ ਪੂਰੀ ਦੁਨੀਆਂ ਬਦਲਾਵ ਵਿਚ ਹੀ ਹੈ ਲੇਕਿਨ ਜਿਸ ਨੂੰ ਸੱਚ ਕਿਹਾ ਜਾ ਰਿਹਾ ਹੈ, ਉਹ ਬਦਲਾਵ ਵਿਚ ਨਹੀਂ ਹੈ। ਇਹ ਪਰਮਾਤਮਾ-ਈਸ਼ਵਰ-ਨਿਰਾਕਾਰ ਕਲ ਵੀ ਸੀ, ਅੱਜ ਵੀ ਹੈ ਅਤੇ ਅੱਗੇ ਵੀ ਰਹੇਗਾ। ਬਾਕੀ ਸਭ ਕੁਝ ਮਿਟ ਜਾਣ ਵਾਲਾ ਹੈ। ਇਹ ਸਥਿਰ ਰਹਿਣ ਵਾਲਾ ਨਹੀਂ ਹੈ। ਲੇਕਿਨ ਜਿਸ ਚੀਜ਼ ਦਾ ਅਹਿਸਾਸ ਕਰਕੇ ਇਸ ਜੀਵਨ ਨੂੰ ਜੀਣਾ ਚਾਹੀਦਾ ਹੈ ਇਨਸਾਨ ਹਰ ਕਦਮ ਤੇ ਇਸਨੂੰ ਖੋਹ ਦੇਂਦਾ ਹੈ। ਇਸਦੇ ਲਈ ਉਹੀ ਚੀਜ਼ਾਂ ਅਹਿਮੀਅਤ ਰੱਖਦੀਆਂ ਹਨ ਜੋ ਹਮੇਸ਼ਾ ਰਹਿਣ ਵਾਲੀਆਂ ਨਹੀਂ। ਇਸਲਈ ਸ਼ਾਸਵਤ ਨੂੰ ਜੀਵਨ ਵਿਚ ਅਹਿਮੀਅਤ ਦੇਣ ਦੀ ਗੱਲ ਵੇਦ ਆਦਿ ਸੱਚ ਸ਼ਾਸਤਰ ਵੀ ਕਹਿ ਰਹੇ ਹਨ। ਤਮਾਮ ਧਰਮ ਗ੍ਰੰਥਾਂ ਵਿਚ ਵੀ ਇਹੀ ਕਿਹਾ ਜਾ ਰਿਹਾ ਹੈ ਕਿ –

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।

ਇਹ ਰਾਮ ਹੀ ਹੈ ਜੋ ਹਮੇਸ਼ਾਂ ਰਹਿਣ ਵਾਲਾ ਹੈ। ਅਕਸਰ ਮਹਾਤਮਾ ਸਤਿਸੰਗ ਵਿਚ ਸੁਣਾਂਦੇ ਹਨ ਕਿ ਜੀਵਨ ਭਰ ਤਾਂ ਰਾਮ ਨੂੰ ਸੱਚ ਮੰਨਦਾ ਨਹੀਂ ਲੇਕਿਨ ਜਦੋਂ

ਇਹ ਜੋ ਜੀਵਨ ਮਿਲਿਆ, ਇਹ ਨਫ਼ਰਤ ਕਰਦੇ ਹੋਏ ਨਹੀਂ, ਵਿਗਾੜ ਪੈਦਾ ਕਰਦੇ ਹੋਏ ਨਹੀਂ, ਦੂਰੀਆਂ ਪੈਦਾ ਕਰਦੇ ਹੋਏ ਨਹੀਂ, ਦਿਲਾਂ ਨੂੰ ਦੁਖਾਂਦੇ ਹੋਏ ਨਹੀਂ, ਜ਼ਖ਼ਮ ਦੇਂਦੇ ਹੋਏ ਨਹੀਂ, ਬਲਕਿ ਇਕ-ਦੂਜੇ ਦਾ ਇਕ-ਦੂਜਾ ਸਹਾਰਾ ਬਣੇ, ਇਕ ਦੂਜੇ ਖੁਸ਼ੀ ਦੇਣ ਵਾਲੇ ਬਣਨ, ਇਕ-ਦੂਜੇ ਨੂੰ ਮਜ਼ਬੂਤੀ ਦੇਣ ਵਾਲੇ ਬਣਨ ਅਤੇ ਮਿਲ ਜੁਲ ਕੇ ਇਸ ਜੀਵਨ ਦੇ ਸਫ਼ਰ ਨੂੰ ਇਸ ਤਰ੍ਹਾਂ ਤੈਅ ਕਰਨ ਕਿ ਪ੍ਰਮਾਣਿਤ ਹੋ ਜਾਏ ਕਿ ਇਹ ਖੁਦਾ ਦੇ ਪਰਿਵਾਰ ਦਾ ਹਿੱਸਾ ਹਨ।

ਚਾਰ ਆਦਮੀਆਂ ਦੇ ਮੋਢਿਆਂ ਦੇ ਉਪਰ ਸ਼ਰੀਰ ਜਾ ਰਿਹਾ ਹੈ ਤਾਂ 'ਰਾਮ-ਨਾਮ ਸਤਿ ਹੈ' ਕਿਹਾ ਜਾ ਰਿਹਾ ਹੈ। ਜੋ ਮੋਢੇ ਤੇ ਚੁਕ ਕੇ ਲੈ ਜਾ ਰਹੇ ਹਨ, ਉਹ ਜੇ ਅਹਿਸਾਸ ਦੇ ਨਾਲ ਕਹਿ ਰਹੇ ਹਨ ਕਿ 'ਰਾਮ ਨਾਮ ਸਤਿ ਹੈ' ਤਾਂ ਠੀਕ ਹੈ ਵਰਨਾ ਜੇ ਉਨ੍ਹਾਂ ਦੇ ਮਨ ਵਿਚ ਇਹ ਖਿਆਲ ਹੋਵੇ ਕਿ ਅਸੀਂ ਤਾਂ ਮੁਰਦੇ ਨੂੰ ਸੁਣਾ ਰਹੇ ਹਾਂ ਤਾਂ ਮੁਰਦੇ ਨੇ ਤਾਂ ਕੁਝ ਨਹੀਂ ਸੁਣਨਾ। ਉਹ ਜੇ ਜਾਗ੍ਰਿਤ ਹਨ ਤਾਂ ਅਪਣੇ ਆਪ ਨੂੰ ਇਹ ਅਹਿਸਾਸ ਦਿਲਵਾਂਦੇ ਹਨ ਕਿ ਅੱਜ ਸਾਡੇ ਮੋਢਿਆਂ ਦਾ ਇਸਤੇਮਾਲ ਹੋ ਰਿਹਾ ਹੈ, ਕਲ ਅਸੀਂ ਵੀ ਦੂਜਿਆਂ ਦੇ ਮੋਢਿਆਂ ਦਾ ਇਸਤੇਮਾਲ ਕਰਨਾ ਹੈ। ਸਾਧ ਸੰਗਤ, ਸਦਾ ਦਾ ਸੁਖ, ਸਦਾ ਰਹਿਣ ਵਾਲੇ ਸਾਧਨ ਤੋਂ ਹੀ ਮਿਲ ਸਕਦਾ ਹੈ। ਜੋ ਸਾਧਨ ਸਦਾ ਰਹਿਣਾ ਹੀ ਨਹੀਂ ਹੈ ਤਾਂ ਸਦਾ ਦਾ ਸੁਖ ਉਸ ਤੋ ਕਿਵੇ ਮਿਲ ਸਕੇਗਾ ? ਸਦਾ ਰਹਿਣ ਵਾਲੀ

ਪਰਮਸੱਤਾ ਤਾਂ ਇਹੀ ਹੈ। ਸਦਾ ਦਾ ਸੁਖ ਇਸੇ ਨਾਲ ਹੋਵੇਗਾ। ਇਸਲਈ ਇਸੇ ਦੀ ਸ਼ਰਣ, ਇਸੇ ਦੇ ਨਾਲ ਨਾਤਾ ਜੋੜਨਾ, ਇਸੇ ਦਾ ਆਧਾਰ ਲੈਣਾ, ਇਸੀ ਨੂੰ ਦਿਲ ਵਿਚ ਵਸਾਉਣਾ ਹੈ, ਇਸੇ ਨੂੰ ਜੀਵਨ ਵਿਚ ਸਭ ਤੋਂ ਜ਼ਿਆਦਾ ਅਹਿਮੀਅਤ ਦੇਣੀ ਹੈ। ਰਾਮ ਜੀ ਵੀ ਇਹੀ ਕਹਿੰਦੇ ਹਨ, ਈਸਾ ਮਸੀਹ ਜੀ ਵੀ ਇਹੀ ਕਹਿੰਦੇ ਹਨ, ਹਜ਼ਰਤ ਮੁਹਮੰਦ ਸਾਹਿਬ ਜੀ ਵੀ ਇਹੀ ਕਹਿੰਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਸਾਰੇ ਗੁਰੂ ਸਾਹਿਬਾਨਾਂ ਦੀ ਇਕ ਰਾਏ ਹੈ। ਕਿਸੇ ਦਾ ਮੱਤ ਭਿੰਨ ਨਹੀਂ ਹੈ। ਚਾਹੇ ਕੋਈ ਕਿਸੇ ਧਰਮਗ੍ਰੰਥ ਨੂੰ ਮੰਨਣ ਵਾਲਾ ਹੋਵੇ, ਕਿਸੇ ਗੁਰੂ-ਪੀਰ-ਪੈਗੰਬਰ ਦੇ ਪ੍ਰਤੀ ਆਸਥਾ ਰੱਖਣ ਵਾਲਾ ਹੋਵੇ, ਗੱਲ ਇਕ ਹੀ ਲਾਜ਼ਿਮ ਮਿਲੇਗੀ ਕਿ ਇਸ ਅਮੋਲਕ ਜੀਵਨ ਨੂੰ ਪਾ ਕੇ ਅਸੀਂ ਅਪਣੀ ਆਤਮਾ ਦਾ ਕਲਿਆਣ ਕਰਨਾ ਹੈ। ਜਿਸ ਰੋਸ਼ਨੀ ਦੇ ਕਾਰਣ, ਜਿਸ ਬੋਧ ਦੇ ਕਾਰਣ, ਆਤਮਾ ਦੇ ਭਰਮ ਮਿਟ ਗਏ, ਉਸੇ ਰੋਸ਼ਨੀ, ਉਸੇ ਬੋਧ ਦੇ ਕਾਰਣ ਮਨ ਵਿਚ ਵੀ ਜੋ ਭਰਮ-ਭੁਲੇਖੇ ਸਨ, ਉਹ ਵੀ ਮਿਟ ਗਏ। ਹੁਣ ਅਭਿੰਨਤਾ ਕਾਇਮ ਹੋ ਗਈ, ਹੁਣ ਦ੍ਰਿਸ਼ਟੀ ਅਜਿਹੀ ਬਣ ਗਈ ਜੋ ਕਿ ਸਿਰਫ ਨੂਰ ਦੇਖ ਰਹੀ ਹੈ। ਜੋ ਸ਼ਰੀਰ ਦੀ ਚਮੜੀ ਦੇ ਰੰਗ ਨੂੰ ਨਹੀਂ, ਸਿਰ ਦੇ ਉਪਰ ਟੋਪੀ ਜਾਂ ਪਗੜੀ ਨੂੰ ਨਹੀਂ, ਦਾੜੀ ਵਧੀ ਹੋਈ ਹੈ ਜਾਂ ਨਹੀਂ ਹੈ, ਇਹ ਨਾ ਦੇਖ ਕੇ ਸਿਰਫ ਏਕ ਨੂਰ, ਏਕ ਜੋਤੀ ਨੂੰ ਦੇਖ ਰਹੇ ਹਨ। ਇਸ ਦ੍ਰਿਸ਼ਟੀ ਨਾਲ ਦੇਖਣ ਦੇ ਕਾਰਣ ਭਰਮ ਮਿਟ ਗਏ। ਉਸੇ ਦੇ ਕਾਰਣ ਇਹ ਦ੍ਰਿਸ਼ਟੀ ਬਣ ਗਈ। ਜੇਕਰ ਉਸ ਭਾਵਨਾ ਨਾਲ ਭਰਪੂਰ ਹੋ ਕੇ ਵਿਚਰਣ ਕਰ ਰਹੇ ਹਨ ਤਾਂ ਫਿਰ ਅਭੇਦਤਾ ਹੈ। ਜਦੋ ਅਭੇਦਤਾ ਹੈ ਤਾਂ ਫਿਰ ਨਫ਼ਰਤ ਕਿਥੇ ? ਫਿਰ ਪਰਾਇਆ ਕੌਣ, ਬੇਗਾਨਾ ਕੌਣ ? ਉਚੱਾ ਕੌਣ, ਨੀਵਾਂ ਕੌਣ? ਫਿਰ ਜ਼ਾਤੀ-ਪਾਤੀ ਕਿਹੜੀ ? ਕਿਹੜੀ ਜ਼ਾਤ ਉਚੀ ਹੈ ਜਾਂ ਕਿਹੜੀ ਜ਼ਾਤ ਨੀਵੀਂ ? ਕਿਹੜੀ ਸੰਸਕ੍ਰਿਤੀ ਵਾਲਾ ਉਚੱਾ ਹੈ ਅਤੇ ਕਿਹੜੀ ਸੰਸਕ੍ਰਿਤੀ ਵਾਲਾ ਨੀਵਾਂ ? ਫਿਰ ਇਹ ਸਾਰੇ ਹੀ ਭੇਦ ਮਿਟ ਜਾਂਦੇ ਹਨ। ਫਿਰ ਇਕ ਹੀ ਭਾਵ ਰਹਿੰਦਾ ਹੈ-

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।

ਅੱਗੇ ਕਹਿੰਦੇ ਹਨ ਕਿ –

ਲੋਗਾ ਭਰਮਿ ਨ ਭੂਲਹੁ ਭਾਈ।।
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ।।

ਇਸੀ ਨੂਰ ਦੇ ਦਰਸ਼ਨ ਹੋ ਰਹੇ ਹਨ ਅਤੇ ਇਸੀ ਦੇ ਕਾਰਣ ਲੋਕ ਦੀ ਯਾਤਰਾ ਵੀ ਤੈਅ ਹੋ ਰਹੀ ਹੈ। ਇਹ ਫਿਰ ਅਜਿਹੀ ਯਾਤਰਾ ਬਣ ਜਾਂਦੀ ਹੈ ਜੋ ਕਿ ਸੱਚ ਤੇ ਆਧਾਰਤ ਯਾਤਰਾ ਹੈ। ਫਿਰ ਭਾਵ ਵੀ ਉਸੇ ਅਨੁਸਾਰ ਬਣਦੇ ਚਲੇ ਗਏ। ਪਿਆਰ ਵਾਲੇ ਭਾਵ ਬਣੇ, ਨਫ਼ਰਤ ਦਾ ਦਾਮਨ ਛੂਟ ਗਿਆ। ਉਨ੍ਹਾਂ ਸਾਰੇ ਕਾਰਣਾਂ ਦੇ ਮਿਟ ਜਾਣ ਦੇ ਕਾਰਣ ਅਜਿਹੀ ਅਵਸਥਾ ਪ੍ਰਾਪਤ ਹੋ ਗਈ ਕਿ –

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।।

ਫਿਰ ਸਾਰੇ ਅਪਣੇ ਹਨ, ਕੋਈ ਵੀ ਪਰਾਇਆ ਨਹੀ ਹੈ, ਕੋਈ ਬੇਗਾਨਾ ਨਹੀ ਹੈ। ਇਹ ਭਾਵ ਅਤੇ ਇਹ ਦ੍ਰਿਸ਼ਟੀ ਬਣ ਜਾਏ ਤਾਂ ਫਿਰ ਅਸੀਂ ਦੇਖ ਸਕਾਗੇਂ ਕਿ ਵਾਕਈ ਇਸ ਸੰਸਾਰ ਵਿਚ ਜਿਥੇ ਸਾਨੂੰ ਐਨਾ ਹਿੰਸਾ ਭਰਿਆ ਵਾਤਾਵਰਣ ਦੇਖਣ ਨੂੰ ਮਿਲ ਰਿਹਾ ਹੈ, ਉਸਦੀ ਬਜਾਏ ਸਾਨੂੰ ਸੁਖਦ ਅਤੇ ਸਹਿਜ ਵਾਤਾਵਰਣ, ਪਿਆਰ ਦੀ ਮਹਿਕ ਨਾਲ ਮਹਿਕਦਾ ਹੋਇਆ ਵਾਤਾਵਰਣ ਦੇਖਣ ਨੂੰ ਮਿਲੇਗਾ।

ਅੱਜ ਇਹੀ ਪ੍ਰਾਰਥਨਾ, ਇਹੀ ਸ਼ੁਭਕਾਮਨਾ ਕੀਤੀ ਜਾ ਰਹੀ ਹੈ ਕਿ ਸਾਰਿਆਂ ਨੂੰ ਅਜਿਹੀ ਦ੍ਰਿਸ਼ਟੀ

ਇਕ ਇਕੱਲਾ ਵੀ ਭਟਕਿਆ ਹੋਇਆ ਅਤੇ ਪੂਰਾ ਹਜੂਮ ਵੀ ਭਟਕਿਆ ਹੋਇਆ ; ਤਾਂ ਉਸ ਤੋਂ ਨੁਕਸਾਨ ਦੇ ਸਿਵਾਏ ਹੋਰ ਕੀ ਮਿਲਣਾ ਹੈ ? ਇਸਲਈ ਭਗਤ-ਮਹਾਂਪੁਰਸ਼-ਸੰਤ ਕਹਿੰਦੇ ਹਨ ਕਿ ਅਗਰ Mentality (ਮਾਨਸਿਕਤਾ) ਬਣਨੀ ਹੈ ਤਾਂ ਸੁੰਦਰ Mentality ਬਣੇ।

ਪ੍ਰਾਪਤ ਹੋਵੇ, ਸਾਰਿਆਂ ਦੇ ਅਜਿਹੇ ਭਾਵ ਬਣਨ। ਉਸੇ ਭਾਵਨਾ ਨਾਲ ਭਰਪੂਰ ਹੋ ਕੇ ਸਾਰੇ ਵਿਚਰਣ ਕਰਨ ਅਤੇ ਜੋ ਜੀਵਨ ਦਾ ਸਫ਼ਰ ਹੈ ਉਹ ਪਿਆਰ ਦੇ ਨਾਲ ਤੈਅ ਕਰਦੇ ਜਾਣ। ਇਹ ਜੋ ਜੀਵਨ ਮਿਲਿਆ, ਇਹ ਨਫ਼ਰਤ ਕਰਦੇ ਹੋਏ ਨਹੀਂ, ਵਿਗਾੜ ਪੈਦਾ ਕਰਦੇ ਹੋਏ ਨਹੀਂ, ਦੂਰੀਆਂ ਪੈਦਾ ਕਰਦੇ ਹੋਏ ਨਹੀਂ, ਦਿਲਾਂ ਨੂੰ ਦੁਖਾਂਦੇ ਹੋਏ ਨਹੀਂ, ਜ਼ਖ਼ਮ ਦੇਂਦੇ ਹੋਏ ਨਹੀਂ, ਬਲਕਿ ਇਕ-ਦੂਜੇ ਦਾ ਇਕ-ਦੂਜਾ ਸਹਾਰਾ ਬਣੇ, ਇਕ ਦੂਜੇ ਨੂੰ ਖੁਸ਼ੀ ਦੇਣ ਵਾਲੇ ਬਣਨ, ਇਕ-ਦੂਜੇ ਨੂੰ ਮਜ਼ਬੂਤੀ ਦੇਣ ਵਾਲੇ ਬਣਨ ਅਤੇ ਮਿਲ ਜੁਲ ਕੇ ਇਸ ਜੀਵਨ ਦੇ ਸਫ਼ਰ ਨੂੰ ਇਸ ਤਰ੍ਹਾਂ ਤੈਅ ਕਰਨ ਕਿ ਪ੍ਰਮਾਣਿਤ ਹੋ ਜਾਏ ਕਿ ਇਹ ਖੁਦਾ ਦੇ ਪਰਿਵਾਰ ਦਾ ਹਿੱਸਾ ਹਨ। ਇਹੀ ਸ਼ੁਭਕਾਮਨਾ, ਪ੍ਰਾਰਥਨਾ, ਅਰਦਾਸ ਕੀਤੀ ਜਾ ਰਹੀ ਹੈ।

ਅੱਜ ਸੰਸਾਰ ਭਰ ਦਾ ਵਾਤਾਵਰਣ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਦਾ ਬਣਿਆ ਹੋਇਆ ਹੈ। ਉਸੀ ਦੇ ਵਸ਼ ਹੋ ਕੇ ਇਨਸਾਨ ਕਿਥੋਂ ਤੋਂ ਕਿਥੇ ਪਹੁੰਚਦਾ ਚਲਿਆ ਜਾ ਰਿਹਾ ਹੈ। ਸਾਲ ਬੀਤ ਰਹੇ ਹਨ, ਸਦੀਆਂ ਬੀਤ ਰਹੀਆਂ ਹਨ ਲੇਕਿਨ ਇਨਸਾਨ ਦੀ ਗਿਰਦੀ ਹੋਈ ਅਵਸਥਾ ਠੀਕ ਨਹੀ ਹੋ ਰਹੀ। ਇਸਦਾ ਮਿਆਰ (ਪੱਧਰ) ਬਦ ਤੋਂ ਬਦੱਤਰ ਹੁੰਦਾ ਜਾ ਰਿਹਾ ਹੈ। ਸਾਲਾਂ-ਸਾਲ ਬੀਤ ਜਾਣ ਦੇ ਬਾਦ ਵੀ ਇਨਸਾਨੀਅਤ ਕਮਜ਼ੋਰ ਹੁੰਦੀ ਜਾ ਰਹੀ ਹੈ। ਹੇ ਇਨਸਾਨ, ਤੂੰ ਹਰ ਦਿਨ ਭਗਤੀ ਵਾਲੇ ਪਹਿਲੂਆਂ ਨੂੰ ਅਪਣੇ ਜੀਵਨ ਵਿਚ ਅਹਿਮੀਅਤ ਦੇਣੀ ਹੈ। ਜਿਨ੍ਹਾਂ ਨੂੰ ਮਜ਼ਬੂਤੀ ਮਿਲਣ ਦੇ ਕਾਰਣ ਇਹ ਧਰਤੀ ਸਵਰਗ ਬਣ ਸਕਦੀ ਹੈ ਅਤੇ ਇਸਨੂੰ ਸਵਰਗ ਬਣਾਉਣ 'ਚ ਤੂੰ ਯੋਗਦਾਨ ਦੇਣਾ ਹੈ। ਇਸਨੂੰ ਨਰਕ ਬਣਾਉਣ ਵਿਚ ਜਿੰਨਾ ਯੋਗਦਾਨ ਦਿੱਤਾ ਜਾ ਰਿਹਾ ਹੈ, ਇਸਨੂੰ ਵਿਗਾੜ ਦੇਣ ਵਿਚ ਜਿੰਨੇ ਯੋਗਦਾਨ ਦਿੱਤੇ ਜਾ ਰਹੇ ਹਨ ਘੋਰ ਅਗਿਆਨਤਾ ਵਿਚ ਵਿਚਰਣ ਕਰਨ ਵਾਲੇ, ਭਰਮਾਂ ਵਿਚ ਰਹਿਣ ਵਾਲੇ ਲੋਕਾਂ ਦੇ ਰਾਹੀਂ, ਹੋਰਾਂ ਨੂੰ ਵੀ ਭਰਮਾਂ ਵਿਚ ਪਾਉਣ ਵਾਲੇ, ਖੁਦ ਤੰਗਦਿਲੀ ਵਾਲੇ, ਦੂਜਿਆਂ ਨੂੰ ਤੰਗਦਿਲੀ ਦੇਣ ਵਾਲੇ, ਅਜਿਹੀ ਦ੍ਰਿਸ਼ਟੀ ਰੱਖਣ ਵਾਲੇ ਹੋਰਾਂ ਨੂੰ ਵੀ ਉਹੀ ਦ੍ਰਿਸ਼ਟੀ ਦੇਂਦੇ ਚਲੇ ਜਾ ਰਹੇ ਹਨ ਜਿਸਦੇ ਕਾਰਣ ਅਸੀਂ ਮਜ਼ਬੂਰ ਹੋ ਜਾਂਦੇ ਹਾਂ ਕਹਿਣ ਦੇ ਲਈ ਕਿ ਇਹ ਧਰਤੀ ਨਰਕ ਬਣਦੀ ਚਲੀ ਜਾ ਰਹੀ ਹੈ। ਇਕਾਈ ਤੋਂ ਲੈ ਕੇ ਸਮਾਜ ਦੇ ਵਿਆਪਕ ਰੂਪ ਵਿਚ ; ਵੀ ਅਸੀਂ ਸਭ ਤੋਂ ਛੋਟੀ ਇਕਾਈ ਦੇਖ ਲਈਏ। ਕਿਧਰੇ ਇਕ ਇਕਾਈ ਵਿਗਾੜ ਕਰ ਰਹੀ ਹੈ ਪਰ ਕਿਧਰੇ Mob ਭੀੜ ਦੀ ਭੀੜ, ਹਜੂਮ ਦੇ ਹਜੂਮ ਕਹਿ ਦੇਂਦੇ ਹਨ ਕਿ Mob Mentality (ਭੀੜ ਦਾ ਸੁਭਾਵ) ਇਕ ਇਕੱਲਾ ਵੀ ਭਟਕਿਆ ਹੋਇਆ ਅਤੇ ਪੂਰਾ ਹਜੂਮ ਵੀ ਭਟਕਿਆ ਹੋਇਆ ; ਤਾਂ ਉਸ ਤੋਂ ਨੁਕਸਾਨ ਦੇ ਸਿਵਾਏ ਹੋਰ ਕੀ ਮਿਲਣਾ ਹੈ ? ਇਸਲਈ ਭਗਤ-ਮਹਾਂਪੁਰਸ਼-ਸੰਤ ਕਹਿੰਦੇ ਹਨ ਕਿ ਅਗਰ Mentality (ਮਾਨਸਿਕਤਾ) ਬਣਨੀ ਹੈ ਤਾਂ ਸੁੰਦਰ Mentality ਬਣੇ। ਇਕਾਈ ਦੀ ਵੀ ਅਤੇ ਹਜੂਮ ਦੀ ਵੀ ਅਜਿਹੀ Mentality (ਮਾਨਸਿਕਤਾ) ਹੋਵੇ ਕਿ ਸਾਰੇ ਧਰਤੀ ਨੂੰ ਇਕ ਸੁੰਦਰ ਰੂਪ ਦੇਣ ਦੇ ਲਈ ਅਪਣੇ ਯੋਗਦਾਨ ਦੇਂਦੇ ਚਲੇ ਜਾਣ।

ਸਾਧ ਸੰਗਤ ਜੀ, ਧੰਨ ਨਿਰੰਕਾਰ।

(ਸੰਗ੍ਰਹਿਕਰਤਾ : ਸੁਲੇਖ 'ਸਾਥੀ')

ਅਧਿਆਤਮ ਹੈ ਰੱਬੀ ਚਾਨਣ

ਲਛਮਣ ਸਿੰਘ (ਬਠਿੰਡਾ)

ਆਪਣੇ ਅਧਿਆਤਮਿਕ ਪੱਖ ਨੂੰ ਮਜ਼ਬੂਤ ਕਰੀਏ ਅਤੇ ਆਉਣ ਵਾਲੀਆਂ ਪੀੜੀਆਂ ਲਈ ਇਕ ਅਜਿਹੀ ਦੇਨ ਦੇ ਕੇ ਜਾਈਏ ਜਿਸਦੇ ਸਦਕਾ ਸਾਡਾ ਵੀ ਨਾਂ ਸੰਤਾਂ-ਭਗਤਾਂ ਵਾਂਗ ਲਿਆ ਜਾ ਸਕੇ

'ਅਧਿਆਤਮ' ਇਕ ਅਜਿਹਾ ਰੁੱਖ ਹੈ ਜਿਸ ਨੂੰ ਦਇਆ, ਕਰੁਣਾ, ਸਹਿਨਸ਼ੀਲਤਾ, ਸਦ-ਭਾਵਨਾ, ਪਿਆਰ, ਨਿਮਰਤਾ ਆਦਿ ਅਜਿਹੇ ਫਲ ਲਗਦੇ ਹਨ ਜਿਨ੍ਹਾਂ ਨੂੰ ਵਰਤ ਕੇ ਇਨਸਾਨ ਮਾਨਵਤਾ ਦੇ ਖੇਤਰ ਵਿਚ ਐਨਾ ਬਲਵਾਨ ਹੋ ਜਾਂਦਾ ਹੈ ਕਿ ਉਹ ਹੰਕਾਰ, ਨਫ਼ਰਤ, ਕਾਮ, ਕ੍ਰੋਧ, ਅਤੇ ਨਿੰਦਿਆ ਵਰਗੀਆਂ ਬੀਮਾਰੀਆਂ ਨਾਲ ਸਹਿਜੇ ਹੀ ਲੜ ਸਕਦਾ ਹੈ। ਜਿਉਂ-ਜਿਉਂ ਇਨਸਾਨ ਰੱਬੀ ਗਿਆਨ ਦੇ ਚਾਨਣ ਵਿਚ ਵਿਚਰਦਾ ਹੈ ਉਸਨੂੰ ਇਹ ਸੋਝੀ ਆਉਂਦੀ ਚਲੀ ਜਾਂਦੀ ਹੈ ਕਿ ਜੋ ਇਹ ਸ੍ਰਿਸਟੀ ਸਿਰਜੀ ਗਈ ਹੈ ਉਸ ਵਿਚ ਮਨੁੱਖ ਦਾ ਬਣਾਇਆ ਆਪਣਾ ਕੁਝ ਵੀ ਨਹੀਂ। ਇਹ ਕੇਵਲ ਪਰਮਾਤਮਾ ਦੀ ਹੀ ਉਪਜ ਹੈ। ਇਸ ਕਰਕੇ ਇਨਸਾਨ ਕਬਜ਼ੇ ਦੀ ਭਾਵਨਾ ਨੂੰ ਤਿਆਗ ਕੇ ਤੇ ਰੱਬੀ ਰਹਿਮਤਾਂ ਸਮਝ ਕੇ ਅਨੰਦ ਮਾਣਦਾ ਹੈ ਅਤੇ ਕਬੀਰ ਜੀ ਵਾਂਗੂ ਕਹਿੰਦਾ ਹੈ ਕਿ –

ਤੋਰ ਮੋਰ ਕੀ ਜੇਵਰੀ ਬਟ ਬਾਂਧਾ ਸੰਸਾਰੁ।।
ਦਾਸ ਕਬੀਰਾ ਕਿਉ ਬੰਧੈ ਜਾ ਕੇ ਨਾਮੁ ਆਧਾਰੁ।।

ਇਸ ਅਧਿਆਤਮ ਪੱਖ ਸਦਕਾ ਇਨਸਾਨ ਵਿਚ ਦੈਵੀ ਗੁਣਾਂ ਦਾ ਪ੍ਰਵੇਸ਼ ਹੋਣਾ ਆਰੰਭ ਹੋ ਜਾਂਦਾ ਹੈ ਅਤੇ ਇਹ ਸਾਰੇ ਦੈਵੀ ਗੁਣ ਇਨਸਾਨ ਨੂੰ ਅਧਿਆਤਮਿਕ ਤੌਰ ਤੇ ਐਨਾ ਬਲਵਾਨ ਕਰ ਦੇਂਦੇ ਹਨ ਕਿ ਇਨਸਾਨ ਦੇ ਮੂੰਹੋਂ ਸਹਿਜੇ ਹੀ ਨਿਕਲ ਪੈਂਦਾ ਹੈ ਕਿ –

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ।।
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।

(ਆਦਿ ਗ੍ਰੰਥ ਪੰਨਾ ਨੰ: 969)

ਅਧਿਆਤਮਵਾਦ ਸਾਡੇ ਚੌਤਰਫ਼ੇ ਨੂੰ ਪ੍ਰਭਾਵਿਤ ਕਰਦਾ ਹੈ ਭਾਵ ਸਾਡੇ ਸਾਰੇ ਪੱਖ ਜਿਵੇਂ ਸਾਮਾਜਿਕ ਪੱਖ, ਧਾਰਮਿਕ ਪੱਖ ਅਤੇ ਹੋਰ ਜੋ ਸੰਸਾਰ ਵਿਚ ਮਨੁੱਖ ਦੇ ਨਾਲ ਜੁੜੇ ਹੋਏ ਵਾਦ ਹਨ। ਜਿਵੇਂ ਪਦਾਰਥਵਾਦ ਆਦਿ ਦਾ ਜੋ ਮੂਲ ਆਧਾਰ ਹੈ ਉਹ ਹਮੇਸ਼ਾ ਅਧਿਆਤਮਿਕ ਹੀ ਰਿਹਾ ਹੈ। ਪਰ ਅੱਜ ਸੰਸਾਰ ਨੇ ਜੋ ਪਦਾਰਥਵਾਦ ਨੂੰ ਆਪਣਾ ਮੂਲ ਆਧਾਰ ਮੰਨਿਆ ਹੈ ਉਸਦੇ ਸਦਕਾ ਸੰਸਾਰ ਵਿਚ ਜੋ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ ਉਸਨੂੰ ਅਸੀਂ ਅੱਖੋਂ-ਓਹਲੇ ਨਹੀਂ ਕਰ ਸਕਦੇ। ਸਾਡੀ ਇਖ਼ਲਾਕੀ-ਕੀਮਤਾਂ ਵਿਚ ਐਨੀ ਗਿਰਾਵਟ ਆ ਗਈ ਹੈ ਕਿ ਅਸੀਂ ਹਰ ਚੀਜ਼ ਨੂੰ ਪਦਾਰਥਕ ਪੈਮਾਨੇ ਵਿਚ ਰੱਖ ਕੇ ਮਾਪਦੇ ਹਾਂ ਜਿਸ ਕਰਕੇ ਸਾਡੇ ਆਪਸੀ ਰਿਸ਼ਤੇ ਬੌਨੇ ਹੋ ਗਏ ਹਨ। ਰਿਸਤਿਆਂ ਦੀ ਮਿਠਾਸ ਓਪਰੇਪਨ ਦੀ ਕੜਵਾਹਟ ਵਿਚ ਬਦਲ ਗਈ ਹੈ। ਰਿਸਤੇ ਸਿਰਫ ਸੰਬੋਧਨ ਕਰਨ ਤਕ ਹੀ ਸੀਮਿਤ ਰਹਿ ਗਏ ਹਨ, ਉਹਨਾਂ ਵਿਚਲੀ ਪਵਿੱਤਰਤਾ ਪਦਾਰਥਕ ਸੋਚ ਹੇਠਾਂ ਦੱਬ ਕੇ ਰਹਿ ਗਈ ਹੈ।

ਪਦਾਰਥਕ ਸੋਚ ਨੇ ਚਰਿੱਤਰ ਦੇ ਮਾਇਨੇ ਬਦਲ ਕੇ ਰੱਖ ਦਿੱਤੇ ਹਨ। ਜੇ ਅਸੀਂ ਸਮਾਜ ਅੰਦਰ ਝਾਤੀ ਮਾਰੀਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਸਮਾਜ

ਵਿਚਲੀ ਹਰ ਬੁਰਾਈ ਨੂੰ ਬੜੇ ਮਾਣ ਨਾਲ ਦੱਸਿਆ ਜਾਂਦਾ ਹੈ। ਹਰ ਆਦਮੀ ਅੱਗੇ ਹੋ ਕੇ ਇਕ ਗੱਲ ਸੁਣਾਉਂਦਾ ਹੈ ਕਿ ਉਹ ਅਸਾਮਾਜਿਕ ਕੰਮ ਅਸੀਂ ਕੀਤਾ ਹੈ। ਸਾਡੇ ਲੋਕਾਂ ਨੇ ਕੀਤਾ ਹੈ। ਕਿਧਰੇ ਅੱਗ-ਭੁਕ, ਕਿਧਰੇ ਕਤਲੋ-ਗਾਰਤ, ਕਿਧਰੇ ਤੋੜ-ਭੰਨ ਅਜਿਹੇ ਘਿਣੌਨੇ ਕੰਮ ਕਰਕੇ ਇਨਸਾਨ ਇਨਾਮ ਮੰਗਦਾ ਹੈ ਅਤੇ ਕਰਾਉਣ ਵਾਲੀਆਂ ਸੰਸਥਾਵਾਂ ਇਨਾਮ ਦਿੰਦੀਆਂ ਵੀ ਹਨ। ਇਸ ਕਰਕੇ ਅੱਜ ਚਰਿੱਤਰ-ਹੀਨ ਨੂੰ ਚਰਿੱਤਰਵਾਨ ਕਿਹਾ ਜਾਂਦਾ ਹੈ।

ਇਹਨਾਂ ਦਾ ਸਾਰੇ ਕੁ-ਕੁਰਮਾਂ ਦਾ, ਇਸ ਅਰਾਜਕਤਾ ਦਾ ਜ਼ਿੰਮੇਵਾਰ ਸਿਰਫ ਸਾਡਾ ਮੂਲ ਆਧਾਰ ਹੈ ਜੋ ਅਧਿਆਤਮ ਤੋਂ ਖਿਸਕ ਕੇ ਪਦਾਰਥਵਾਦ ਉੱਤੇ ਆ ਟਿਕਿਆ ਹੈ।

ਅੱਜ ਜਿੰਨੇ ਵੀ ਪੀਰ-ਪੈਗੰਬਰ, ਸੰਤ-ਮਹਾਤਮਾ ਹੋਏ ਹਨ ਸਾਰਿਆਂ ਨੇ ਸਾਨੂੰ ਇਹੋ ਸਿਖਿਆ ਦਿੱਤੀ ਹੈ ਕਿ ਸਾਡਾ ਮੂਲ ਆਧਾਰ ਜੇ ਅਧਿਆਤਮ ਹੋਵੇਗਾ ਤਾਂ ਸਾਡੇ ਸਾਰੇ ਹੀ ਪੱਖ ਸੁਧਰ ਸਕਦੇ ਹਨ ਅਤੇ ਅਸੀਂ ਬਹੁ-ਪੱਖੀ ਸ਼ਖਸ਼ੀਅਤ ਹਾਸਿਲ ਕਰ ਸਕਦੇ ਹਾਂ ਜਿਵੇਂ ਕਿ ਜੇ ਆਦਮੀ ਅਧਿਆਤਮਿਕ ਮੂਲ ਦਾ ਹੋਵੇਗਾ ਤਾਂ ਉਸਦੀ ਸੋਚ ਧਾਰਮਿਕ ਹੋਵੇਗੀ ਅਤੇ ਇਹ ਧਾਰਮਿਕ ਸੋਚ ਹੀ ਸਾਨੂੰ ਆਪਸੀ ਮੇਲ ਜੋਲ ਅਤੇ ਆਪਸੀ ਭਾਈਚਾਰੇ ਦੀ ਪ੍ਰਵਿਰਤੀ ਵਲ ਲੈ ਕੇ ਜਾਂਦੀ ਹੈ ਅਤੇ ਦੂਜੇ ਪਾਸੇ ਜੋ ਪਦਾਰਥਵਾਦੀ ਸੋਚ ਹੁੰਦੀ ਹੈ ਉਹ ਹਮੇਸ਼ਾ ਵੱਖਵਾਦ ਨੂੰ ਜਨਮ ਦਿੰਦੀ ਹੈ। ਇਸ ਪਦਾਰਥਵਾਦੀ ਸੋਚ ਸਦਕਾ ਹੀ ਮਨੁੱਖ ਆਪੇ ਨੂੰ ਪਾਲਣ ਦਾ ਪੱਖ ਪੂਰਦਾ ਹੈ ਜਦੋਂ ਕਿ ਧਾਰਮਿਕ ਸੋਚ ਵਾਲਾ ਹਮੇਸ਼ਾ ਵਿਸ਼ਵ ਭਾਈਚਾਰੇ ਦੀ ਗੱਲ ਕਰਦਾ ਹੈ। ਧਾਰਮਿਕ ਸੋਚ ਸਾਡੇ ਦ੍ਰਿਸ਼ਟੀ ਕੋਣ ਨੂੰ ਹਮੇਸ਼ਾ ਪਵਿੱਤਰਤਾ ਬਖਸ਼ਦੀ ਹੈ ਪਰ ਪਦਾਰਥਕ ਸੋਚ ਸਾਡੇ ਦ੍ਰਿਸ਼ਟੀਕੋਣ ਨੂੰ ਅਪਵਿੱਤਰ ਕਰਦੀ ਹੈ।

ਸੋ, ਅਖੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਅਧਿਆਤਮਵਾਦ ਨੂੰ ਆਪਣੇ ਜੀਵਨ ਦਾ ਆਧਾਰ ਬਣਾਈਏ ਤਾਂ ਹੀ ਸਾਡਾ ਲੋਕ ਸੁਖੀ ਅਤੇ ਪ੍ਰਲੋਕ ਸੁਹੇਲਾ ਹੋ ਸਕਦਾ ਹੈ। ਪਰ ਜੇ ਅਸੀਂ ਪਦਾਰਥਵਾਦੀ ਨਜ਼ਰੀਏ ਦੇ ਹਾਮੀ ਬਣੇ ਰਹੇ ਤਾਂ ਸਾਡਾ ਵੀ ਇਹੋ ਹਾਲ ਹੋਵੇਗਾ ਕਿ —

ਕਹਿਣੀ ਬਹਿਣੀ ਰਹਿਣੀ ਵਿਚ
ਜੋ ਵੱਖੇ-ਵੱਖ ਹੋ ਜਾਂਦੇ ਨੇ।
ਦਿਲ ਵਿਚ ਵੈਰ ਵਿਰੋਧ ਤੇ ਨਫ਼ਰਤ
ਉਪਰੋਂ ਪਿਆਰ ਜਤਾਂਦੇ ਨੇ।

ਸੋ, ਆਉ ਪੂਰਨ ਪੈਗੰਬਰ ਦੇ ਚਰਨਾਂ ਵਿਚ ਆ ਕੇ ਆਪਣੇ ਅਧਿਆਤਮਿਕ ਪੱਖ ਨੂੰ ਮਜ਼ਬੂਤ ਕਰੀਏ ਅਤੇ ਆਉਣ ਵਾਲੀਆਂ ਪੀੜੀਆਂ ਲਈ ਇਕ ਅਜਿਹੀ ਦੇਨ ਦੇ ਕੇ ਜਾਈਏ ਜਿਸਦੇ ਸਦਕਾ ਸਾਡਾ ਵੀ ਨਾਂ ਉਹਨਾਂ ਸੰਤਾਂ-ਭਗਤਾਂ ਵਾਂਗ ਲਿਆ ਜਾ ਸਕੇ ਜਿਨ੍ਹਾਂ ਨੇ ਆਪਣੇ ਸਤਿਗੁਰੂ ਨੂੰ ਰਿਝਾ ਕੇ ਅਧਿਆਤਮਕ ਪੱਖ ਨੂੰ ਮਜ਼ਬੂਤ ਕੀਤਾ ਹੈ ਅਤੇ ਅਸੀਂ ਧਾਰਮਿਕ ਜੀਵਨ ਜੀਅ ਕਿ ਇਹ ਸੰਦੇਸ਼ ਦੇ ਸਕੀਏ ਕਿ- **ਵਸੁਧੈਵ ਕੁਟੁਬੰਕਮ।** ■

ਕਰਮ-ਕਾਂਡ ਨਹੀਂ ਅਧਿਆਤਮ

ਹਰਜਿੰਦਰ ਮੱਸਾ ਸਿੰਘ (ਗਵਾਲੀਅਰ)

ਅਧਿਆਤਮ ਇਕ ਅਜਿਹਾ ਪ੍ਰਕਾਸ਼ ਪੁੰਜ ਹੈ ਜੋ ਭਟਕਾਓ ਤੋਂ ਬਚਣ ਦਾ ਸਾਧਨ ਬਣਦਾ ਹੈ। ਅਧਿਆਤਮ ਬਿਨਾਂ ਇਨਸਾਨ ਦੀ ਆਤਮਾ ਤਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਦੀ ਹੀ ਹੈ ਨਾਲ ਹੀ ਸੰਸਾਰਿਕ ਜੀਵਨ ਵੀ ਦੁੱਖਾਂ ਭਰਿਆ ਬਣਿਆ ਰਹਿੰਦਾ ਹੈ।

ਸੰਸਾਰ ਵਿਚ ਅਕਸਰ ਲੋਕ ਕਰਮਕਾਂਡ ਨੂੰ ਹੀ ਅਧਿਆਤਮ ਸਮਝ ਲੈਂਦੇ ਹਨ ਜਿਸ ਕਾਰਣ ਅਨੇਕਾਂ ਤਰ੍ਹਾਂ ਦੇ ਭਰਮਾਂ ਵਿਚ ਪੈ ਜਾਂਦੇ ਹਨ ਅਸਲ ਵਿਚ ਅਧਿਆਤਮ ਜੀਵਨ ਆਤਮਾ ਨੂੰ ਪਰਮਾਤਮਾ ਦਾ ਗਿਆਨ ਹੋਣ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ। ਜਦੋਂ ਆਤਮਾ ਨੂੰ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ ਤਾਂ ਹੀ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਅਗਰ ਅਜੋਕੇ ਵਾਤਾਵਰਣ ਨੂੰ ਵੇਖਿਆ ਜਾਵੇ ਤਾਂ ਅਧਿਆਤਮ ਦੀ ਚਰਚਾ ਤਾਂ ਬਹੁਤ ਹੁੰਦੀ ਹੈ। ਲੋਕ ਤਰ੍ਹਾਂ-ਤਰ੍ਹਾਂ ਦੇ ਵਿਖਿਆਨ ਕਰਦੇ-ਸੁਣੇ ਜਾਂਦੇ ਹਨ। ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਪੁਰਾਤਨ ਸੰਤਾਂ-ਮਹਾਪੁਰਸ਼ਾਂ ਦਾ ਜੀਵਨ ਦਾ ਅਨੁਭਵ ਪੜ੍ਹ ਕੇ ਲੋਕਾਂ ਨੂੰ ਸੁਣਾਏ ਜਾਂਦੇ ਹਨ। ਯੁਗਪੁਰਸ ਬਾਬਾ ਅਵਤਾਰ ਸਿੰਘ ਜੀ ਇਸ ਬਾਰੇ ਲਿਖਦੇ ਹਨ ਕਿ-

ਅਪਣੀ ਖ਼ਬਰ ਨਾ ਲੈਂਦਾ ਮੂਰਖ ਲੋਕਾਂ ਨੂੰ ਸਮਝਾਂਦਾ ਏ।
ਵੇਖੇ ਬੰਦਾ ਜੂਏ ਅੰਦਰ ਜਨਮ ਹਾਰਦਾ ਜਾਂਦਾ ਏ।

ਕਿਤਾਬੀ ਗਿਆਨ ਅਧਿਆਤਮ ਨਹੀਂ ਹੁੰਦਾ। ਜਦੋਂ ਤਕ ਇਸ ਪਰਮਪਿਤਾ ਪਰਮਾਤਮਾ ਦਾ ਅਨੁਭਵ ਨਾ ਹੋਵੇ। ਰੱਬੀ ਗਿਆਨ ਜਿਸਨੂੰ ਹੋ ਜਾਂਦਾ ਹੈ ਉਹ ਤਾਂ ਫਿਰ ਇਹ ਮੰਨਦਾ ਹੈ ਕਿ--

ਸਭੈ ਘਟਿ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।।

ਪਰ ਜੋ ਅਖੌਤੀ ਧਾਰਮਿਕ ਲੋਕ, ਧਰਮੀ ਲੋਕ ਖੁਦ ਨੂੰ ਅਧਿਆਤਮਵਾਦੀ ਮੰਨਦੇ ਹਨ, ਉਹ ਭਾਵੇਂ ਕਿੰਨੇ ਮੁੱਖ ਗਿਆਨੀ ਹੋਣ, ਕੱਟਰ ਤੇ ਹੰਕਾਰੀ, ਨਫ਼ਰਤ ਅਤੇ ਈਰਖਾ ਦੇ ਭਰੇ ਹੁੰਦੇ ਹਨ। ਉਦਾਹਰਣ ਸਾਹਮਣੇ ਹੈ ਕਿ ਰਾਵਨ ਨੂੰ ਤਾਂ ਚਾਰੋਂ ਵੇਦ ਜ਼ਬਾਨੀ ਯਾਦ ਸਨ। ਕਰਮਕਾਂਡ ਦੁਆਰਾ ਰਿਧੀਆਂ-ਸਿੱਧੀਆਂ ਪ੍ਰਾਪਤ ਕਰ ਚੁੱਕਿਆ ਸੀ। ਇਸ ਸਭ ਦਾ ਹੰਕਾਰ ਹੀ ਉਸਦੇ ਡੁੱਬਣ ਦਾ ਕਾਰਣ ਬਣ ਗਿਆ। ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਦੀ ਸ਼ਹੀਦੀ ਔਰੰਗਜ਼ੇਬ ਨੇ ਆਪਣੇ ਆਪ ਨੂੰ ਅਧਿਆਤਮਵਾਦੀ ਸਿੱਧ ਕਰਨ ਲਈ ਹੀ ਕਰਵਾਈ। ਉਹ ਇਹੋ ਸਮਝਦਾ ਸੀ ਕਿ ਲੋਕਾਂ ਤੇ ਜ਼ੁਲਮ ਕਰਕੇ ਸਭ ਨੂੰ ਜ਼ੋਰ-ਜਬਰ ਨਾਲ ਮੁਸਲਮਾਨ ਬਣਾ ਕੇ ਮੈਂ ਅੱਲ੍ਹਾ-ਤਾਲ੍ਹਾ (ਪਰਮਾਤਮਾ) ਦੀ ਇਬਾਦਤ ਕਰ ਰਿਹਾ ਹਾਂ, ਭਗਤੀ ਕਰ ਰਿਹਾ ਹਾਂ ਇਸ ਨਾਲ ਮੈਨੂੰ ਜੰਨਤ ਮਿਲੇਗੀ। ਉਹ ਖੁਦ ਐਨਾ ਕਰਮ-ਕਾਂਡੀ ਸੀ ਕਿ ਪੰਜ ਵਕਤ ਨਮਾਜ਼ ਪੜਨਾ ਅਤੇ ਆਪਣੇ ਹੱਥ ਨਾਲ ਮੁੰਜ ਦੀ ਰੱਸੀ ਵਟ ਕੇ, ਬਾਜ਼ਾਰ ਵਿਚ ਵਿਕਵਾ ਕੇ ਉਸਦਾ ਖਾਣਾ ਖਾਂਦਾ ਸੀ ਭਾਵ ਉਹ ਸਮਝਦਾ ਸੀ ਕਿ ਮੈਂ ਖੁਦ ਦੱਸਾ ਨੌਹਾਂ ਦੀ ਕਿਰਤ ਕਮਾਈ ਕਰਕੇ ਖਾਂਦਾ ਹਾਂ ਇਸਲਈ ਮੈਂ ਬਹੁਤ ਵੱਡਾ ਧਾਰਮਿਕ ਹਾਂ ਲੇਕਿਨ ਮਨ ਤੋਂ ਐਨਾ ਕਠੋਰ ਕਿ ਰੋਜ਼ ਸਵਾ ਮੱਣ ਜਨੇਊ ਉਤਰਵਾ ਕੇ ਖਾਣਾ ਖਾਂਦਾ, ਐਨੇ-ਲੋਕਾਂ ਨੂੰ ਕਤਲ ਕਰ ਦੇਣਾ ਜਾਂ ਮੁਸਲਮਾਨ ਬਣਾ ਦੇਣਾ ਉਸਦਾ ਨਿਯਮ ਸੀ।

ਸਪਸ਼ਟ ਹੈ ਕਿ ਪੂਰਨ ਸਤਿਗੁਰੂ ਤੋਂ ਬਿਨਾਂ ਆਪਣੀ ਮਰਜ਼ੀ ਨਾਲ ਕੀਤੇ ਗਏ ਕਰਮਕਾਂਡ ਮਨ ਅਤੇ ਆਤਮਾ ਨੂੰ ਸ਼ਾਂਤ ਨਹੀਂ ਕਰਦੇ। ਕਰਮ ਕਾਂਡਾਂ ਅਤੇ ਵਹਿਮਾਂ-ਭਰਮਾਂ ਵਿਚ ਇਨਸਾਨ ਅਧਿਆਤਮਵਾਦੀ ਨਹੀਂ ਹੋ ਸਕਦੇ। ਅਧਿਆਤਮਿਕ ਹੋਣ ਲਈ ਤਾਂ ਆਤਮਾ-ਪਰਮਾਤਮਾ ਵਿਚ ਇਕ ਰਸ ਤਾਂ ਹੋਣਾ ਜ਼ਰੂਰੀ ਹੈ। ਜੋ ਕੇਵਲ ਮਾਤਰ ਪੂਰਨ ਸਤਿਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੈ। ਅੱਜ ਸਤਿਗੁਰੂ ਬਾਬਾ ਹਰਦੇਵ ਸਿੰਘ ਮਹਾਰਾਜ ਸੰਸਾਰ ਨੂੰ ਸਹੀ ਅਧਿਆਤਮਿਕਤਾ ਦੇ ਮਾਰਗ ਤੇ ਲੈ ਜਾ ਰਹੇ ਹਨ। ■

ਅਧਿਆਤਮ ਇਕ ਅਜਿਹਾ 'ਪ੍ਰਕਾਸ਼ ਪੁੰਜ' ਹੈ ਜੋ ਭਟਕਾਓ ਤੋਂ ਬਚਣ ਦਾ ਸਾਧਨ ਬਣਦਾ ਹੈ। ਅਧਿਆਤਮ ਬਿਨਾਂ ਇਨਸਾਨ ਦੀ ਆਤਮਾ ਤਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਦੀ ਹੀ ਹੈ ਨਾਲ ਹੀ ਸੰਸਾਰਿਕ ਜੀਵਨ ਵੀ ਦੁੱਖਾਂ ਭਰਿਆ ਬਣਿਆ ਰਹਿੰਦਾ ਹੈ।

ਕਵੀਆਂ ਦੀ ਕਲਮ ਤੋਂ

ਅਧਿਆਤਮਵਾਦ

ੰ ਬਿੰਕਰ ਸਿੰਘ 'ਮਾਣਕ' (ਰਿੱਦੜਬਾਹਾ)

ਜਦ ਆਦਮੀ ਸਵੀਕਾਰਦੈ, ਅਧਿਆਤਮ-ਵਾਦ।
ਫਿਰ ਆਪਣੇ ਪੈਰ ਪਸਾਰਦੈ, ਅਧਿਆਤਮ-ਵਾਦ।

ਮਾਨਵਤਾ ਦੇ ਉਲਟੇ, ਤਾਅਣੇ ਬਾਣੇ ਦਾ,
ਇਕ-ਇਕ ਤੰਦ ਸੰਵਾਰਦੈ, ਅਧਿਆਤਮ-ਵਾਦ।

ਭੁੱਲ ਜਾਂਦਾ ਹੈ ਬੰਦਾ, ਬਾਤਾਂ ਕੂੜ ਦੀਆਂ,
ਸੱਚ ਜਦੋਂ ਪ੍ਰਚਾਰਦੈ, ਅਧਿਆਤਮ-ਵਾਦ।

ਸਬਰ ਅਤੇ ਸੰਤੋਖ ਦੀ, ਠੰਡਕ ਭਰ-ਭਰ ਕੇ,
ਤਪਦੇ ਹਿਰਦੇ ਠਾਰਦੈ, ਅਧਿਆਤਮ-ਵਾਦ।

ਇਨਸਾਨਾਂ ਵਿਚ ਮੋਹ ਦੇ, ਰਿਸ਼ਤੇ ਜੁੜਦੇ ਨੇ,
ਨਿਰਮਾਤਾ ਸਤਿਕਾਰਦੈ, ਅਧਿਆਤਮ - ਵਾਦ।

ਰੋਕਣ ਭਾਵੇਂ ਲਹਿਰਾਂ, ਵੈਰ ਵਿਰੋਧ ਦੀਆਂ,
ਫਿਰ ਵੀ ਸਭ ਨੂੰ ਪਿਆਰਦੈ, ਅਧਿਆਤਮ-ਵਾਦ।

ਫੈਲਦੀਆਂ ਖੁਸ਼ਬੂਆਂ ਗਿਆਨ ਤੇ ਕਰਮ ਦੀਆਂ,
ਜਦ ਆਪਣੇ ਖੰਭ ਖਿਲਾਰਦੈ, ਅਧਿਆਤਮ-ਵਾਦ।

ਇਸ ਧਰਤੀ ਨੂੰ ਯਾਰੋ, ਸਵਰਗ ਬਣਾਉਣ ਲਈ,
ਪਿਆਰ ਦੇ ਮਹਿਲ ਉਸਾਰਦੈ, ਅਧਿਆਤਮ-ਵਾਦ।

''ਮਾਣਕ'' ਦੁਨੀਆਂ ਵਾਲਿਓ, ਮੈਨੂੰ ਅਪਨਾਓ,
ਅੱਜ ਵੀ ਵਾਜਾਂ ਮਾਰਦੈ, ਅਧਿਆਤਮ-ਵਾਦ।

ਝੁਕਾ ਕੇ ਰੱਖੀਏ

ੰ ਕਰਮ ਸਿੰਘ 'ਕਰਮ' (ਘੋਲੀਆਂ)

ਤੂੰ ਹੀ ਤੂੰ ਹੀ ਕਹਿੰਦੇ ਰਹੀਏ,
ਆਪਣੀ ਹੋਂਦ ਮਿਟਾ ਕੇ ਰੱਖੀਏ।
ਮਨ ਆਪਣੇ ਦੀ ਆਕੜ ਛੱਡ ਕੇ,
ਗਰਦਨ ਸਦਾ ਝੁਕਾ ਕੇ ਰੱਖੀਏ।

ਅਧਿਆਤਮ ਮਾਰਗ ਅੰਦਰ ਹੀ,
ਸਮਰਪਣ ਭਾਵ ਹਮੇਸ਼ਾ ਹੁੰਦੇ,
ਮੁੜ ਕੇ ਪੈਰ ਪਿਛਾਂਹ ਨਾ ਧਰੀਏ,
ਅੱਗੇ ਕਦਮ ਵਧਾ ਕੇ ਰੱਖੀਏ।

ਪਿਆਰ ਨਿਮਰਤਾ ਅਤੇ ਹਲੀਮੀ,
ਅਧਿਆਤਮ ਦੀ ਹੈ ਕਸਵੱਟੀ,
ਐਸੇ ਗੁਣ ਹੀ ਜੀਵਨ ਦੇ ਵਿਚ,
ਹਰ ਵੇਲੇ ਅਪਨਾ ਕੇ ਰੱਖੀਏ।

ਮਾਨਵਤਾ ਦੀ ਸੇਵਾ ਕਰੀਏ,
ਭਾਵੇਂ ਕਿਸੇ ਵੀ ਰੂਪ 'ਚ ਹੋਵੇ,
ਪਰਉਪਕਾਰ ਤੇ ਨੇਕੀ ਕਰਕੇ,
ਦਿਲ 'ਚੋਂ ਸਦਾ ਭੁਲਾ ਕੇ ਰੱਖੀਏ।

ਇਸ ਦਾਤੇ ਤੋਂ ਦਾਤਾਂ ਪਾ ਕੇ,
ਭੁੱਲੀਏ ਨਾ ਔਕਾਤ ਆਪਣੀ,
ਸਤਿਗੁਰ ਦਾ ਸ਼ੁਕਰਾਨਾ ਕਰੀਏ,
ਚੰਚਲ ਮਨ ਸਮਝਾ ਕੇ ਰੱਖੀਏ।

ਦੱਸਾਂ ਨੌਹਾਂ ਦੀ ਕਿਰਤ ਕਮਾਈਏ,
ਹੋ ਸਕੇ ਤਾਂ ਵੰਡ ਕੇ ਖਾਈਏ,
ਸਿਮਰਨ ਵਾਲੀ ਧੁਨ ਵਜਾ ਕੇ,
ਭਗਤੀ ਰੰਗ ਚੜ੍ਹਾ ਕੇ ਰੱਖੀਏ।

ਗੁਰਮਤ ਵਾਲੇ ਗਹਿਣੇ ਪਾਈਏ,
ਰੂਪ ਸਵਾਇਆ ਚੜ੍ਹ ਜਾਂਦਾ ਏ,
ਹਰ ਵੇਲੇ ਹੀ ਰੂਹ ਰਾਣੀ ਨੂੰ,
ਦੁਲਹਨ ਵਾਂਗ ਸਜਾ ਕੇ ਰੱਖੀਏ।

ਅਧਿਆਤਮ ਜਦ ਸੋਚ ਬਣ ਜਾਏ,
ਦਿਲ 'ਚੋਂ ਭਾਵ ਪਵਿੱਤਰ ਉਠਦੇ,
ਜਗਤ ਹਨ੍ਹੇਰਾ ਦੂਰ ਕਰਨ ਲਈ,
ਗਿਆਨ ਦਾ ਦੀਪ ਜਗਾ ਕੇ ਰੱਖੀਏ।

ਦੁੱਖ-ਸੁਖ ਦੇ ਵਿਚ ਹੱਥ ਵਟਾਈਏ,
ਜੇਹੜੇ ਗਲੀ ਮੁਹੱਲੇ ਰਹੀਏ,
'ਕਰਮ' ਕਮਾਈਏ ਸੰਤਾਂ ਵਾਲੇ,
ਸਤਿਗੁਰ ਨਾਲ ਬਣਾ ਕੇ ਰੱਖੀਏ।

ਅਧਿਆਤਮਿਕ ਧਾਰਾ ਦਾ ਪ੍ਰਵਾਹਕ - ਸਤਿਗੁਰੂ

ਰਾਮ ਮੂਰਤੀ ਭੱਟੀ (ਕਾਹਮਾ)

ਪ੍ਰਭੂ ਸਿਮਰਨ ਗੁਰੂ ਦੁਆਰਾ ਬਖਸ਼ੀ ਉਹ ਅਚੂਕ ਦਵਾਈ ਹੈ ਜਿਸਦੇ ਸੇਵਨ ਦੁਆਰਾ ਆਧਿ-ਬਿਆਧਿ, ਉਪਾਧਿ ਦੇ ਸਾਰੇ ਰੋਗ ਮਿਟ ਜਾਂਦੇ ਹਨ।

ਅਧਿਆਤਮ ਉਹ ਰੂਹਾਨੀ ਪੰਧ ਹੈ ਜਿਸ ਉਤੇ ਪੂਰਨ ਸਤਿਗੁਰੂ ਦੀ ਉਗਲ ਫੜ ਕੇ ਚਲਦਾ ਹੋਇਆ ਜਗਿਆਸੂ ਆਪਣੀ ਆਤਮਿਕ ਮੰਜ਼ਿਲ ਤਕ ਪਹੁੰਚਦਾ ਹੈ। ਇਨਸਾਨ ਦੀ ਆਤਮਾ ਆਪਣੇ ਨਿੱਜ ਘਰ ਦੀ ਜਾਣਕਾਰੀ ਲਈ ਪ੍ਰਭੂ-ਪਰਮਾਤਮਾ ਦੀ ਤਲਾਸ਼ ਵਿਚ ਜਗ੍ਹਾ-ਜਗ੍ਹਾਂ ਭਕਟਦੀ ਫਿਰਦੀ ਹੈ। ਕਦੇ ਉਹ ਮੂਰਤੀ ਪੂਜਾ ਵਿਚ ਆਪਣਾ ਧਿਆਨ ਜੋੜਦੀ ਹੈ, ਕਦੇ ਤੀਰਥ ਸਥਾਨਾਂ ਦਾ ਭਰਮਣ ਕਰਦੀ ਹੈ, ਕਦੇ ਕੁਦਰਤੀ ਸ਼ਕਤੀਆਂ ਵਿਚ ਆਪਣੀ ਆਸਥਾ ਪ੍ਰਗਟ ਕਰਦੀ ਹੈ ਅਤੇ ਕਦੇ ਭੇਖੀ ਗੁਰੂਆਂ ਅੱਗੇ ਮੱਥੇ ਰਗੜਦੀ ਹੈ ਕਿ ਮੇਰੇ ਤੇ ਤਰਸ ਕਰੋ ਅਤੇ ਮੈਨੂੰ ਮੇਰੇ ਪ੍ਰਭੂ-ਪਰਮਾਤਮਾ ਨਾਲ ਮਿਲਾ ਦਿਓ। ਲੇਕਿਨ ਜਿਵੇਂ ਰਾਸ਼ਨ ਦੀ ਦੁਕਾਨ ਤੋਂ ਮਨਿਆਰੀ ਦਾ ਸਾਮਾਨ ਨਹੀਂ ਮਿਲਦਾ, ਬਜਾਜੀ ਦੀ ਦੁਕਾਨ ਤੋਂ ਸੋਨੇ-ਚਾਂਦੀ ਦੇ ਗਹਿਣੇ ਨਹੀਂ ਖਰੀਦੇ ਜਾ ਸਕਦੇ। ਇਸੇ ਤਰ੍ਹਾਂ ਦੁਨਿਆਵੀ ਅਤੇ ਮਾਇਆਵੀ ਸਾਧਨਾਂ ਦੀ ਵਰਤੋਂ ਨਾਲ ਅਨੰਦ ਦਾ ਸਰੋਤ ਸਿਰਫ ਨਿਰੰਕਾਰ-ਸਤਿਗੁਰੂ ਹੈ ਜਿਸਦੇ ਚਰਨੀਂ ਲਗ ਕੇ ਇਨਸਾਨ ਦੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ। ਸਤਿਗੁਰੂ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਫਰਮਾਉਂਦੇ ਹਨ —

ਮੰਦਰ ਮਸਜਿਦ ਢਿਰੋਂ ਭਾਲਦਾ ਨਾ ਰਬ ਕਾਸ਼ੀ ਨਾ ਰਬ ਮੱਕੇ।
ਨਾ ਰਬ ਮਿਲਦਾ ਨਾਲ ਸਮਾਧੀ ਬੈਠ ਬੈਠ ਕੇ ਯੋਗੀ ਥੱਕੇ।
ਨਾ ਰਬ ਸੋਵਤ ਜਾਗਤ ਲਭੇ ਕਰ ਕਰ ਕਈ ਜਾਗਰੇ ਅੱਕੇ।
ਬੁਤਾਂ ਵਿਚੋਂ ਰਬ ਨਹੀਂ ਮਿਲਦਾ ਸਜਦੇ ਕਰ ਕਰ ਘਸ ਗਏ ਮੱਥੇ।
ਰਬ ਤਾਂ ਲੋਕੋ ਉਨ੍ਹਾਂ ਪਾਇਐ ਗੁਰੂ ਜਿਨਾਂ ਨੇ ਪਾਇਆ ਪੂਰਾ।
ਕਹੇ ਅਵਤਾਰ ਗੁਰ ਬਖਸ਼ਿਸ਼ ਸਦਕਾ ਪੂਰਨ ਹੋ ਗਿਆ ਬੰਦਾ ਉਰਾ।

(ਸੰ.ਅ.ਬ.ਸ.ਨੰ. 306)

ਕਹਿੰਦੇ ਹਨ ਕਿ ਮੁਸਲਮਾਨ ਆਪਣੇ ਅੱਲ੍ਹਾ ਨੂੰ ਮਸਜਿਦ ਵਿਚੋਂ ਲਭਦਾ ਹੈ ਹਿੰਦੂ ਆਪਣੇ ਈਸ਼ਵਰ ਨੂੰ ਮੰਦਿਰ ਵਿਚੋਂ ਭਾਲਦਾ ਹੈ, ਸਿੱਖ ਆਪਣੇ ਵਾਹਿਗੁਰੂ ਅਕਾਲ-ਪੁਰਖ ਨੂੰ ਗੁਰਦੁਆਰੇ ਵਿਚੋਂ ਢੂੰਢਦਾ ਹੈ ਅਤੇ ਈਸਾਈ ਆਪਣੇ ਗਾਡ ਦੀ ਤਲਾਸ਼ ਗਿਰਜਾਘਰਾਂ ਵਿਚੋਂ ਕਰਦਾ ਹੈ। ਉਪਰੋਕਤ ਸਾਰੇ ਸਥਾਨ ਮਿਲ ਬੈਠ ਕੇ ਹਰੀਜਸ ਕਰਨ ਦੇ ਸਥਾਨ ਮਾਤਰ ਹੀ ਹਨ ਜਦੋਂ ਕਿ ਅੱਲਾ, ਈਸ਼ਵਰ, ਗਾਡ, ਵਾਹਿਗੁਰੂ ਤਾਂ ਸ੍ਰਿਸਟੀ ਦੇ ਕਣ-ਕਣ ਵਿਚ ਬਿਰਾਜਮਾਨ ਹੈ। ਇਹ ਸਰਬ-ਸ਼ਕਤੀਮਾਨ, ਸਰਬਕਲਾ-ਸਮਰਥ, ਸਰਬ-ਵਿਆਪਕ ਸੱਤਾ ਇਕ ਮਾਨਵ ਘਟਿ ਵਿਚੋਂ ਉਜਾਗਰ ਹੁੰਦੀ ਹੈ ਜਿਸਨੂੰ ਸਤਿਗੁਰੂ ਆਖਿਆ ਜਾਂਦਾ ਹੈ। ਇਸ ਤਰ੍ਹਾਂ ਸਤਿਗੁਰੂ ਦੇ ਮੁਖਾਰਬਿੰਦ ਤੋਂ ਉਪਜੇ ਬ੍ਰਹਮ-ਗਿਆਨ ਰਾਹੀਂ ਅਧਿਆਤਮਿਕ ਪ੍ਰਵਾਹ ਦਾ ਸ੍ਰੀਗਣੇਸ਼ ਹੁੰਦਾ ਹੈ। ਇਹ ਰੂਹਾਨੀ ਧਾਰਾ ਉਦੋਂ ਤਕ ਪ੍ਰਗਟ ਨਹੀਂ ਹੋ ਸਕਦੀ ਜਦੋਂ ਤਕ ਜਿਗਿਆਸੂ ਨਿਮਾਣਾ ਬਣ ਗੁਰੂ-ਚਰਨਾਂ ਵਿਚ ਨਤਮਸਤਕ ਨਹੀਂ ਹੁੰਦਾ। ਯੁਗਪੁਰਸ਼ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਇਸ ਬਾਰੇ ਇਵੇਂ

ਬਿਆਨ ਕਰਦੇ ਹਨ-

ਛੱਡ ਸਿਆਣਪ ਆਪਣੀ ਬੰਦਾ
ਜਾ ਗੁਰ ਸ਼ਰਨੀ ਜਾਂਦਾ ਏ।
ਕਹੇ ਅਵਤਾਰ ਕਰੇ ਗੁਰ ਕਿਰਪਾ
ਤਾਂ ਇਹ ਸਮਝੀ ਆਂਦਾ ਏ।

(ਸੰ.ਅ.ਬ.ਸ਼.ਨੰ: 12)

ਚੌਰਾਸੀ ਲੱਖ ਜੂਨਾਂ ਦੇ ਭਰਮਣ ਤੋਂ ਬਾਅਦ ਮਾਨਵ ਜਨਮ ਦੀ ਪ੍ਰਾਪਤੀ ਹੁੰਦੀ ਹੈ। ਇਹ ਬਹੁਤ ਹੀ ਭਾਗਾਂ ਵਾਲੀ ਗੱਲ ਹੈ। ਉਹ ਪ੍ਰਾਣੀ ਹੋਰ ਵੀ ਖੁਸ਼-ਕਿਸਮਤ ਹੁੰਦੇ ਹਨ ਜੋ ਮਾਨਵ ਜੀਵਨ ਪਾ ਕੇ ਇਸਦੇ ਅਸਲ ਮਕਸਦ ਦੀ ਪੂਰਤੀ ਵਲ ਕਦਮ ਵਧਾਉਂਦੇ ਹਨ। ਉਹ ਸਮਝ ਜਾਂਦੇ ਹਨ ਕਿ ਇਹੀ ਇਕ ਜਨਮ ਹੈ ਜੋ ਜੀਵ-ਆਤਮਾ ਨੂੰ ਪ੍ਰਭੂ ਦੀ ਪ੍ਰਾਪਤੀ ਦੁਆਰਾ ਆਵਾਗਵਨ ਦੇ ਚੱਕਰ ਤੋਂ ਬਚਾਉਂਦਾ ਹੈ। ਮਾਨਵ ਜੀਵਨ ਦੀ ਮਹੱਤਤਾ ਦਾ ਵਰਨਣ ਕਰਦਿਆਂ ਗੁਰਬਾਣੀ ਲਿਖਦੀ ਹੈ—

ਲਖ ਚਉਰਾਸੀਹ ਜੋਪਨ ਸਬਾਈ।।
ਮਾਣਸ ਕਉ ਪ੍ਰਭਿ ਦੀਈ ਵਡਿਆਈ।।
ਇਸੁ ਪਉੜੀ ਤੇ ਜੋ ਨਰੁ ਚੂਕੇ
ਸੋ ਆਇ ਜਾਇ ਦੁਖੁ ਪਾਇਦਾ।।

(ਆਦਿ ਗ੍ਰੰਥ ਪੰਨਾ ਨੰ:1075)

ਇਸ ਤਰ੍ਹਾਂ ਜਦੋਂ ਜਗਿਆਸੂ ਦੇ ਸਮਰਪਣ ਭਾਵ ਨੂੰ ਬੂਰ ਪੈਂਦਾ ਹੈ ਤਾਂ ਉਸਦੀ ਭੇਟ ਪੂਰਨ ਸਤਿਗੁਰੂ ਨਾਲ ਹੁੰਦੀ ਹੈ। ਪੂਰਨ ਸਤਿਗੁਰੂ ਤੋਂ ਬ੍ਰਹਮ ਗਿਆਨ ਦੀ ਦਾਤ ਪਾ ਕੇ ਉਸਦੀ ਆਤਮਾ ਅਨੰਦ ਸਰੂਪ ਪ੍ਰਮਾਤਮਾ ਨਾਲ ਜੁੜ ਕੇ ਆਨੰਦਿਤ ਹੋ ਜਾਂਦੀ ਹੈ। ਇਸ ਅਵਸਥਾ ਨੂੰ ਅੰਤਿਮ ਸਵਾਸਾਂ ਤਕ ਬਣਾਈ ਰੱਖਣ ਲਈ ਗੁਰਸਿੱਖ ਨੂੰ ਸਤਿਗੁਰੂ ਦੁਆਰਾ ਬਣਾਈਆਂ ਮਰਿਯਾਦਾਵਾਂ ਦਾ ਪਾਲਨ ਕਰਨਾ ਪੈਂਦਾ ਹੈ। ਗੁਰਸਿੱਖ ਸਤਿਗੁਰੂ ਦੇ ਵਚਨ ਦੀ ਪਾਲਨਾ ਕਰਦਾ ਹੈ ਸਤਿਗੁਰੂ ਗੁਰਸਿੱਖ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੈਂਦਾ ਹੈ ਜਿਵੇਂ -

ਗੁਰਸਿੱਖ ਦਾ ਬਸ ਏਨਾ ਕਰਤਵ
ਆਪਾ ਅਰਪਨ ਕਰ ਦੇਵੇ।
ਕਹੇ ਅਵਤਾਰ ਗੁਰੂ ਦਾ ਕੰਮ ਏ
ਖਾਲੀ ਝੋਲੀ ਭਰ ਦੇਵੇ।

(ਸੰ.ਅ.ਬ.ਸ਼.ਨੰ: 255)

ਪਾਵਨ ਗੁਰਬਾਣੀ ਵੀ ਗੁਰਸਿੱਖ ਦੇ ਸਮਰਪਣ ਦਾ ਨਕਸ਼ਾ ਇਵੇਂ ਖਿਚਦੀ ਹੈ —

ਜਿਸ ਕੀ ਬਸਤੁ ਤਿਸੁ ਆਗੈ ਰਾਖੈ।।
ਪ੍ਰਭ ਕੀ ਆਗਿਆ ਮਾਨੈ ਮਾਖੈ।।
ਉਸ ਤੇ ਚਉਗੁਨ ਕਰੈ ਨਿਹਾਲ।।
ਨਾਨਕ ਸਾਹਿਬੁ ਸਦਾ ਦਇਆਲ।

(ਆਦਿ ਗ੍ਰੰਥ ਪੰਨਾ ਨੰ: 268)

ਆਪਾ ਸਮਰਪਣ ਤੋਂ ਬਾਅਦ ਗੁਰਸਿੱਖ ਸਤਿਗੁਰੂ ਦੀ ਰਹਿਮਤ ਦਾ ਪਾਤਰ ਬਣਦਾ ਹੈ ਅਤੇ ਸਤਿਗੁਰੂ ਆਪਣੇ ਅਨਮੋਲ ਖਜ਼ਾਨੇ ਵਿਚੋਂ ਗੁਰਸਿੱਖ ਦੇ ਪੱਲੇ ਸੰਸਾਰ ਦੇ ਤਮਾਮ ਸੁਖ ਪਾ ਦਿੰਦਾ ਹੈ। ਮਰਿਆਦਾ ਪਾਲਨ ਨਾਲ ਗੁਰਸਿੱਖ ਨੂੰ ਅਹਿਸਾਸ ਹੁੰਦਾ ਹੈ ਕਿ ਨਿਰੰਕਾਰ-ਪ੍ਰਭੂ ਅਤੇ ਸਤਿਗੁਰੂ ਵਿਚ ਕੋਈ ਅੰਤਰ ਨਹੀ ਹੈ ਅਤੇ ਸਾਧਸੰਗਤ ਵੀ ਇਨ੍ਹਾਂ ਦਾ ਰੂਪ ਹੈ। ਗੁਰੂ-ਉਪਦੇਸ਼ ਸਦਕਾ ਉਹ ਇਸ ਤ੍ਰੈ-ਮੂਰਤੀ ਦੀ ਅਰਾਧਨਾ ਕਰਦਾ ਹੈ। ਇਸ ਤੋਂ ਇਲਾਵਾ ਸਤਿਗੁਰੂ ਗੁਰਸਿੱਖ ਨੂੰ ਸੇਵਾ, ਸਿਮਰਨ ਅਤੇ ਸਤਿਸੰਗ ਰੂਪ ਤ੍ਰੀਛਲਾ ਬਖਸਦਾ ਹੈ ਜੋ ਗੁਰਸਿੱਖ ਦੀ ਜ਼ਿੰਦਗੀ ਨੂੰ ਸਿਹਤਮੰਦ ਦਿਸ਼ਾ ਪ੍ਰਦਾਨ ਕਰਦਾ ਹੈ। ਨਿਸ਼ਕਾਮ ਸੇਵਾ ਭਾਵ ਤੋਂ ਉਪਜੀ ਭਗਤੀ ਦੇ ਫਲ ਦੀ ਇੱਛਾ ਵੀ ਭਗਤੀ ਰੂਪ ਵਿਚ ਹੀ ਕਰਨ ਦੀ ਪ੍ਰੇਰਣਾ ਦਿੰਦਾ ਹੈ।

ਇਸੇ ਤਰ੍ਹਾਂ ਪ੍ਰਭੂ ਦੀ ਯਾਦ ਹਰ ਸਮੇਂ ਬਣਾਈ ਰੱਖਣ ਲਈ ਸਤਿਗੁਰੂ ਆਪਣੇ ਗੁਰਸਿੱਖ ਨੂੰ ਇਕ ਰੂਹਾਨੀ ਮੰਤਰ ਦਿੰਦਾ ਹੈ ਜਿਸਨੂੰ ਸਿਮਰਨ ਆਖਿਆ ਜਾਂਦਾ ਹੈ। ਸਿਮਰਨ ਰਾਹੀ ਮਨ ਗੁਰੂ ਚਰਨਾਂ ਨਾਲ ਜੁੜਦਾ ਹੈ। ਸਿਮਰਨ ਕੋਈ ਸ਼ਬਦਾਂ ਦਾ ਰਟਨ ਨਹੀਂ ਹੈ, ਇਹ ਤਾਂ ਪ੍ਰਭੂ ਦੀ ਨਜ਼ਦੀਕਤਾ ਦਾ ਅਹਿਸਾਸ ਹੈ। ਸ਼ੁਰੂ-ਸ਼ੁਰੂ ਵਿਚ ਅਭਿਆਸ ਦੇ ਤੌਰ ਤੇ ਸ਼ਬਦਾਂ ਦੀ ਜ਼ਰੂਰਤ ਪੈਂਦੀ ਹੈ ਪੱਤੂ ਬਾਅਦ ਵਿਚ ਇਹ ਸੁਆਸ ਕਿਰਿਆ ਦੀ ਤਰ੍ਹਾਂ ਆਪਣੇ ਆਪ ਨਿਰੰਤਰ ਚਲਦਾ ਰਹਿੰਦਾ ਹੈ।

ਪ੍ਰਭੂ ਸਿਮਰਨ ਗੁਰੂ ਦੁਆਰਾ ਬਖਸ਼ੀ ਉਹ ਅਚੂਕ ਦਵਾਈ ਹੈ ਜਿਸਦੇ ਸੇਵਨ ਦੁਆਰਾ ਆਧਿ-ਬਿਆਧਿ, ਉਪਾਧਿ ਦੇ ਸਾਰੇ ਰੋਗ ਮਿਟ ਜਾਂਦੇ ਹਨ। ਪਵਿੱਤਰ ਗੁਰਬਾਣੀ ਅਨੁਸਾਰ-

ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮਗਲ ਬਿਸ੍ਰਾਮ।।
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ।।

(ਆਦਿ ਗ੍ਰੰਥ ਪੰਨਾ ਨੰ: 320)

ਪ੍ਰਭੂ ਸਿਮਰਨ ਹੀ ਭਗਤ ਦੀ ਆਤਮਾ ਨੂੰ ਪ੍ਰਭੂ ਨਾਲ ਅਭੇਦ ਹੋਣ ਤਕ ਲੈ ਜਾਂਦਾ ਹੈ। ਇਸਦੇ ਉਲਟ ਧਿਆਨ ਕੇਂਦਰਤ ਨਾ ਹੋ ਕੇ, ਕੇਵਲ ਸ਼ਬਦਾਂ ਦੇ ਉਚਾਰਨ ਨੂੰ ਸਿਮਰਨ ਕਦਾਚਿਤ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਕੀਤੇ ਸਿਮਰਨ ਬਾਰੇ ਰੱਬੀ ਪੁਰਸ਼ ਇਸ ਤਰ੍ਹਾਂ ਲਿਖਦੇ ਹਨ—

ਮਾਲਾ ਤੋਂ ਕਰ ਮੈਂ ਫਿਰੈ ਜੀਭ ਫਿਰੈ ਮੁਖਿ ਮਾਹਿ।
ਮਨਵਾ ਤੋਂ ਦਹਿਦਿਸ ਫਿਰੈ ਯੇ ਤੋ ਸਿਮਰਨ ਨਾਹਿ।

ਸੇਵਾ-ਸਿਮਰਨ ਅਤੇ ਸਤਿਸੰਗ ਭਗਤੀ ਅਤੇ ਅਧਿਆਤਮਿਕ-ਧਾਰਾ ਦੇ ਤਿੰਨ ਸਰੋਤ ਹਨ ਇਨ੍ਹਾਂ ਸਰੋਤਾਂ ਦਾ ਮਾਲਕ ਸਤਿਗੁਰੂ ਆਪ ਹੁੰਦਾ ਹੈ। ਇਸਲਈ ਸਤਿਗੁਰੂ ਹੀ ਰੂਹਾਨੀਅਤ ਭਾਵ ਅਧਿਆਤਮਿਕ ਧਾਰਾ ਦਾ ਪ੍ਰਵਾਹਕ ਹੁੰਦਾ ਹੈ। ਇਸ ਪ੍ਰਵਾਹਕ ਨਾਲ ਨਿਰੰਤਰ ਜੁੜੇ ਰਹੀਏ।

ਸੇਵਾ ਅਤੇ ਸਿਮਰਨ ਭਾਵੇਂ ਭਗਤੀ ਮਾਰਗ ਦੇ ਬਹੁਤ ਹੀ ਉਤਮ ਕਰਮ ਹਨ ਪੰਤੂ ਸਤਿਸੰਗ ਦਾ ਮਹੱਤਵ ਸਭ ਤੋਂ ਵੱਧ ਦਸਿਆ ਗਿਆ ਹੈ ਕਿਉਂਕਿ ਸਤਿਸੰਗ ਵਿਚ ਆ ਕੇ ਗੁਰਸਿੱਖ ਦੇ ਸੇਵਾ ਅਤੇ ਸਿਮਰਨ ਦੇ ਕਰਮ ਵੀ ਸਹਿਜੇ ਵਿਚ ਹੀ ਹੋ ਜਾਂਦੇ ਹਨ। ਸਤਿਸੰਗ ਵਿਚ ਸਤਿਗੁਰੂ ਵਲੋਂ ਭੇਜੇ, ਸੰਤਾਂ-ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਉਚਾਰੇ, ਸਾਡੇ ਕੰਨਾਂ ਤਕ ਪਹੁੰਚੇ ਅਨਮੋਲ ਵਚਨ ਸਾਡੇ ਵਿਚਾਰਾਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ। ਸਤਿਸੰਗ ਹੀ ਗੁਰਸਿੱਖ ਦੇ ਸਤਿਗੁਰੂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਕਰਦਾ ਹੈ। ਕਹਿੰਦੇ ਹਨ ਕਿ ਜੋ ਮਹਾਤਮਾ ਸਤਿਸੰਗ ਨਾਲ ਜੁੜਿਆ ਹੈ, ਉਹੀ ਸੰਤਾਂ ਮਹਾਂਪੁਰਸ਼ਾਂ ਨਾਲ ਪ੍ਰੇਮ ਕਰਦਾ ਹੈ ਅਤੇ ਸੰਤਾਂ-ਮਹਾਂਪੁਰਸ਼ਾਂ ਨਾਲ ਪ੍ਰੇਮ ਹੀ ਸਤਿਗੁਰੂ ਨਾਲ ਪ੍ਰੇਮ ਹੋਣ ਦਾ ਪ੍ਰਮਾਣ ਹੈ। ਮਹਾਂਪੁਰਸ਼ਾਂ ਨੂੰ ਸਤਿਸੰਗ ਨਾਲ ਜੋੜਨ ਦੀ ਪਰਉਪਕਾਰੀ ਭਾਵਨਾ ਹਿਤ ਰਿਸ਼ੀ ਵਿਆਸ ਦੇਵ ਜੀ ਫਰਮਾਇਆ ਕਰਦੇ ਸਨ, ''ਜੋ ਮਹਾਤਮਾ ਸਤਿਸੰਗ ਵਿਚ ਸਮੇਂ ਤੋਂ ਪਹਿਲਾਂ ਆਉਂਦਾ ਹੈ, ਉਸਦੇ ਕੰਮ ਸਤਿਗੁਰੂ ਸਮੇਂ ਤੋਂ ਪਹਿਲਾਂ ਕਰ ਦਿੰਦਾ ਹੈ। ਜੋ ਸਤਿਸੰਗ ਵਿਚ ਸਮੇਂ ਸਿਰ ਆਉਂਦਾ ਹੈ ਉਸਦੇ ਕੰਮ ਸਮੇਂ ਸਿਰ ਹੁੰਦੇ ਹਨ ਅਤੇ ਜੋ ਸਤਿਸੰਗ ਵਿਚ ਦੇਰ ਨਾਲ ਪਹੁੰਚਦਾ ਹੈ ਉਸਦੇ ਕੰਮ ਵੀ ਦੇਰ ਨਾਲ ਹੀ ਹੁੰਦੇ ਹਨ।''

ਉਪਰੋਕਤ ਵਿਆਖਿਆ ਤੋਂ ਸਪਸ਼ਟ ਹੈ ਕਿ ਸੇਵਾ, ਸਿਮਰਨ ਅਤੇ ਸਤਿਸੰਗ ਤਿੰਨੋਂ ਹੀ ਰੂਹਾਨੀਅਤ ਦੇ ਅਤਿਅੰਤ ਜ਼ਰੂਰੀ ਕਰਮ ਹਨ ਪੰਤੂ ਡੂੰਘਾਈ ਨਾਲ ਸੋਚਿਆ ਜਾਵੇ ਤਾਂ ਸਭ ਦੇ ਪਿਛੇ ਤਾਕਤ ਸਤਿਗੁਰੂ ਦੇ ਅਸ਼ੀਰਵਾਦ ਦੀ ਹੀ ਕੰਮ ਕਰ ਰਹੀ ਹੁੰਦੀ ਹੈ। ਗੁਰਸਿੱਖ ਉਦੋਂ ਤਕ ਸੇਵਾ ਨਹੀਂ ਕਰ ਸਕਦਾ ਜਦੋਂ ਤਕ ਸਤਿਗੁਰੂ ਉਸਨੂੰ ਕਰਨ ਦਾ ਬਲ ਨਾ ਬਖਸ਼ੇ।

ਸਾਧ ਦੀ ਸੇਵਾ ਉਹ ਕਰ ਸਕੇ
ਜਿਸ ਤੋਂ ਆਪ ਕਰਾਵੇ ਇਹ।
ਅਵਤਾਰ ਉਹ ਗਾਵੇ ਸਿਫਤ ਹਰੀ ਦੀ
ਜਿਸ ਤੋਂ ਆਪ ਗਵਾਏ ਇਹ।

(ਸੰ.ਅ.ਬ.ਸ.ਨੰ: 72)

ਗੁਰਸਿੱਖ ਦਾ ਧਿਆਨ ਸਿਮਰਨ ਵਿਚ ਉਦੋਂ ਤਕ ਨਹੀਂ ਜੁੜ ਸਕਦਾ ਹੈ ਜਦੋਂ ਤਕ ਸਤਿਗੁਰੂ ਸਰਬ ਵਿਆਪਕ ਸੱਤਾ ਨਿਰੰਕਾਰ ਦੇ ਅੰਗ-ਸੰਗ ਹੋਣ ਦਾ ਅਹਿਸਾਸ ਨਾ ਕਰਾਵੇ। **ਇਸੇ ਤਰ੍ਹਾਂ ''ਗੁਰਸਿੱਖ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ।''** ਅਨੁਸਾਰ ਗੁਰਸਿੱਖ ਉਦੋਂ ਹੀ ਸਤਿਸੰਗ ਵਿਚ ਪਹੁੰਚ ਸਕਦਾ ਹੈ ਜਦੋਂ ਸਤਿਗੁਰੂ ਉਸਦੇ ਕਦਮਾਂ ਨੂੰ ਸਤਿਸੰਗ ਦੀ ਦਿਸ਼ਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਸੇਵਾ - ਸਿਮਰਨ ਅਤੇ ਸਤਿਸੰਗ ਭਗਤੀ ਅਤੇ ਅਧਿਆਤਮਿਕ-ਧਾਰਾ ਦੇ ਤਿੰਨ ਸਰੋਤ ਹਨ ਇਨ੍ਹਾਂ ਸਰੋਤਾਂ ਦਾ ਮਾਲਕ ਸਤਿਗੁਰੂ ਆਪ ਹੁੰਦਾ ਹੈ। ਇਸਲਈ ਸਤਿਗੁਰੂ ਹੀ ਰੂਹਾਨੀਅਤ ਭਾਵ ਅਧਿਆਤਮਿਕ ਧਾਰਾ ਦਾ ਪ੍ਰਵਾਹਕ ਹੁੰਦਾ ਹੈ। ਇਸ ਪ੍ਰਵਾਹਕ ਨਾਲ ਨਿਰੰਤਰ ਜੁੜੇ ਰਹੀਏ, ਇਸ ਵਾਸਤੇ ਹਰ ਮੁਸ਼ਕਿਲ ਸਮੇਂ ਵਿਚ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੀਏ, ਖੁਸ਼ਹਾਲੀ ਸਮੇਂ ਹਰ ਪ੍ਰਾਪਤੀ ਲਈ ਸਤਿਗੁਰੂ ਦਾ ਤਹਿ ਦਿਲੋਂ ਸ਼ੁਕਰਾਨਾ ਕਰੀਏ ਅਤੇ ਹਰ ਸੁਆਸ ਨਾਲ ਸਤਿਗੁਰੂ ਦਾ ਸਿਮਰਨ ਕਰਦੇ ਰਹਿਣ ਦੀ ਜ਼ਰੂਰਤ ਹੈ ਅਤੇ ਅਜਿਹਾ ਕਰ ਸਕਣ ਲਈ ਤਾਕਤ ਦੀ ਮੰਗ ਵੀ ਸਤਿਗੁਰੂ ਦਾ ਪਾਵਨ ਚਰਨਾਂ ਵਿਚੋਂ ਹੀ ਕਰਨੀ ਚਾਹੀਦੀ ਹੈ। ■

. . . ਫੇਰ ਗੰਦਗੀ ਫੋਲੋ ਨਾ

ਓ ਸੀ. ਐਲ. ਗੁਲਾਟੀ
ਇੰਚਾਰਜ, ਪਤ੍ਰਿਕਾ ਵਿਭਾਗ (ਦਿੱਲੀ)

ਨਰੋਈ ਅਧਿਆਤਮਿਕ ਸਿਹਤ ਲਈ ਆਤਮਿਕ ਜੋਤ ਸਰੂਪ ਮਨ ਦਾ ਸੰਬੰਧ ਵਿਰਾਟ ਸਰੂਪ ਪਰਮਾਤਮਾ ਨਾਲ ਜੁੜਨਾ ਜ਼ਰੂਰੀ ਹੈ, ਇਸ ਦਾ ਵੀ ਕੋਈ ਹੋਰ ਉਪਾਅ ਨਹੀਂ ਹੈ।

ਭਗਵਾਨ ਨੇ ਸੁੰਦਰ ਸੰਸਾਰ ਬਣਾਇਆ। ਇਨਸਾਨ ਨੇ ਇਸਨੂੰ ਵੀਰਾਨਗੀ 'ਚ ਬਦਲ ਦਿੱਤਾ। ਭਗਵਾਨ ਇਸਦੀ ਸੁੰਦਰਤਾ ਨੂੰ ਬਹਾਲ ਕਰਨ ਲਈ ਸੋਚਣ ਲੱਗਾ। ਸਰਵਸ੍ਰੇਸ਼ਟ ਦੇਵਤਾ (Archangel) ਨੂੰ ਬੁਲਾ ਕੇ ਪੁਛਿਆ '' ਕੀ ਤੂੰ ਸੰਸਾਰ ਦੀ ਸੁੰਦਰਤਾ ਬਹਾਲ ਕਰਨ ਵਿਚ ਮਦਦ ਕਰ ਸਕਦਾ ਹੈ?'' ਦੇਵਤੇ ਨੇ ਸਾਰੀ ਧਰਤੀ ਦਾ ਦੌਰਾ ਕੀਤਾ ਤੇ ਭਗਵਾਨ ਨੂੰ ਦਸਿਆ,'' ਇਹ ਬੜਾ ਔਖਾ ਕੰਮ ਲਗਦਾ ਹੈ। ਸੰਸਾਰ ਦੀ ਸੁੰਦਰਤਾ ਬਹਾਲ ਕਰਨ ਲਈ ਸੈਂਕੜੇ ਸਾਲ ਲਗ ਸਕਦੇ ਹਨ।'' ਭਗਵਾਨ ਨੇ ਫਿਰ ਦੇਵਤੇ ਨੂੰ ਪੁਛਿਆ, ''ਐਨਾ ਸਮਾਂ ਲਾਉਣ ਨਾਲ ਤੈਨੂੰ ਵਿਸ਼ਵਾਸ ਹੈ ਕਿ ਸੰਸਾਰ ਦੀ ਸੁੰਦਰਤਾ ਬਹਾਲ ਹੋ ਜਾਏਗੀ ?'' ਦੇਵਤੇ ਨੇ ਸੋਚ ਕੇ ਭਗਵਾਨ ਨੂੰ ਦਸਿਆ, ''ਮੈਂ ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿਉਂਕਿ ਇਨਸਾਨ ਨੇ ਆਪਦੇ ਪ੍ਰਬੰਧ ਦਾ ਪੂਰੀ ਤਰ੍ਹਾਂ ਸਤਿਆਨਾਸ ਕਰ ਰਖਿਆ ਹੈ।''

ਇਸੇ ਦੌਰਾਨ ਸ਼ੈਤਾਨ ਉਥੇ ਪਹੁੰਚ ਗਿਆ ਤੇ ਭਗਵਾਨ ਨੂੰ ਬੜੇ ਭਰੋਸੇ ਨਾਲ ਕਹਿਣ ਲੱਗਾ, ''ਹਾਂ, ਮੈਂ ਇਹ ਕੰਮ ਮਿੰਟਾਂ ਵਿਚ ਕਰ ਸਕਦਾ ਹਾਂ।'' ਭਗਵਾਨ ਨੇ ਸ਼ੈਤਾਨ ਦੇ ਹਾਵ-ਭਾਵ ਦੇਖਕੇ ਉਸਨੂੰ ਸੰਸਾਰ ਦੀ ਸੁੰਦਰਤਾ ਬਹਾਲ ਕਰਨ ਦਾ ਕੰਮ ਸੌਂਪਣ ਤੋਂ ਸੰਕੋਚ ਕੀਤਾ ਪਰ ਉਸਨੂੰ ਟਾਲਣ ਲਈ ਕਿਹਾ, ''ਜਾਓ ਆਸਮਾਨ ਦੇ ਤਾਰੇ ਗਿਣ ਕੇ ਆਓ।'' ਸ਼ੈਤਾਨ ਇਕ ਦਮ ਠੀਕ ਗਿਣਤੀ ਕਰਕੇ ਆ ਗਿਆ। ਫਿਰ ਉਸਨੂੰ ਹੋਰ ਕੰਮ ਕਿਹਾ, ''ਜਾਓ, ਪੂਰੀ ਧਰਤੀ ਤੇ ਜਿਤਨੇ ਵੀ ਰੇਤ ਦੇ ਜ਼ੱਰੇ ਹਨ ਉਨ੍ਹਾਂ ਦੀ ਗਿਣਤੀ ਕਰਕੇ ਆਓ। ''ਸ਼ੈਤਾਨ ਨੇ ਝਟ ਗਿਣਤੀ ਕਰਕੇ ਭਗਵਾਨ ਨੂੰ ਆਪਣੀ ਪਰਵੀਣਤਾ ਦਾ ਸਬੂਤ ਦਿੱਤਾ। ਪਰੰਤੂ ਸੰਸਾਰ ਦੀ ਸੁੰਦਰਤਾ ਬਹਾਲ ਕਰਨ ਦਾ ਕੰਮ ਸੌਪਣ ਲਈ ਸੋਚਦੇ ਹੋਏ ਭਗਵਾਨ ਨੇ ਸ਼ੈਤਾਨ ਨੂੰ ਕਿਹਾ ਕਿ ਇਕ ਕੰਮ ਹੋਰ ਕਰੋ, ''ਸੰਸਾਰ ਵਿਚ ਜੋ ਲੋਕ ਅਧਿਆਤਮਿਕ-ਵਾਦ (ਪ੍ਰਭੂ ਮਿਲਨ) ਦੇ ਨਾਂ ਤੇ ਕਰਮਕਾਂਡ, ਨਿਤਨੇਮ, ਪੁੰਨ-ਦਾਨ, ਪਾਠ-ਪੂਜਾ ਆਦਿ ਕਰ ਰਹੇ ਹਨ ਅਤੇ ਉਨ੍ਹਾਂ ਵਿਚੋਂ ਕਿਤਨੇ ਸਫਲ ਹੋਏ ਹਨ, ਜਾਓ, ਉਨ੍ਹਾਂ ਦੀ ਗਿਣਤੀ ਕਰਕੇ ਆਓ।'' ਧਰਮ-ਖੇਤਰ ਵਿਚ ਹਾਲਤ ਇਤਨੀ ਭਰਮ ਪੂਰਣ ਹੈ ਕਿ ਸੌਂਪੇ ਵਿਚ ਫਸਿਆ ਸ਼ੈਤਾਨ ਲੋੜੀਂਦੀ ਗਿਣਤੀ ਕਰਕੇ ਅਜੇ ਤਕ ਵਾਪਿਸ ਨਹੀਂ ਮੁੜਿਆ।

ਇਸ ਤੋਂ ਸਪਸ਼ਟ ਹੈ ਕਿ ਕਰਮਕਾਂਡ ਅਤੇ ਮਾਇਆਜਾਲ ਵਿਚ ਇਨਸਾਨ ਇਤਨਾ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ ਕਿ ਅਭਿਮਾਨ ਵਸ ਬਾਂਸਾਂ ਵਾਂਗ ਆਪਸ ਵਿਚ ਖਹਿ-ਖਹਿ ਕੇ ਲੜਾਈ-ਝਗੜੇ, ਦੰਗੇ-ਫਸਾਦਾਂ ਵਿਚ ਧਸਿਆ ਆਦਮੀ ਧਰਤੀ ਦੀ ਸੁੰਦਰਤਾ ਨੂੰ ਨਿਰੰਤਰ ਵੀਰਾਨਗੀ ਵਿਚ ਬਦਲੀ ਜਾ ਰਿਹਾ ਹੈ। ਬੰਦੇ ਦੇ ਬਣਾਏ ਹੋਏ ਨਫ਼ਰਤ ਦੇ ਲੱਖਾਂ ਕਾਰਨ ਹਨ ਪਰ ਲੋੜ ਹੈ ਪਿਆਰ ਦੀ।

ਜ਼ਰਾ ਗੰਭੀਰਤਾ ਨਾਲ ਸੋਚੀਏ ਤਾਂ ਪਤਾ ਲਗਦਾ ਹੈ ਕਿ ਇਨਸਾਨੀ ਸ਼ਰੀਰ ਪੰਜ ਤੱਤਾਂ ਦਾ ਪੁੱਤਲਾ ਹੈ ਤੇ ਫੇਰੀ ਇਸ ਵਿਚ ਪਰਮਾਤਮਾ ਦੀ ਅੰਸ਼ ਆਤਮਾ ਹੈ। ਸ਼ਰੀਰ ਦੇ ਪੰਜੋ ਤੱਤ-ਧਰਤੀ, ਅਗਨੀ, ਪਾਣੀ, ਵਾਯੂ, ਆਕਾਸ਼ ਸ਼ਰੀਰ ਦੀ ਤੰਦਰੁਸਤੀ ਲਈ ਇਨ੍ਹਾਂ ਦਾ ਨਿਰੰਤਰ ਸੰਬੰਧ ਇਨ੍ਹਾਂ ਦੇ ਬਾਹਰੀ ਵਿਰਾਟ ਸਰੂਪਾਂ ਨਾਲ ਬਣਿਆ ਹੋਇਆ ਹੈ। ਸ਼ਰੀਰ ਦੇ ਅੰਦਰ ਜਿਸ ਤੱਤ ਦੀ ਕਮੀ ਹੁੰਦੀ ਹੈ, ਬਾਹਰੋਂ ਉਸੇ ਤੱਤ ਦੀ ਪੂਰਤੀ ਕਰਨੀ ਪੈਂਦੀ ਹੈ। ਕਿਸੇ ਹੋਰ ਤੋਂ ਨਹੀਂ। ਇਸੇ ਤਰ੍ਹਾਂ ਨਰੋਈ ਅਧਿਆਤਮਿਕ ਸਿਹਤ ਲਈ ਆਤਮਿਕ ਜੋਤ ਸਰੂਪ ਮਨ ਦਾ ਸੰਬੰਧ ਵਿਰਾਟ ਸਰੂਪ ਪਰਮਾਤਮਾ ਨਾਲ ਜੁੜਨਾ ਜ਼ਰੂਰੀ ਹੈ, ਇਸ ਦਾ ਵੀ ਕੋਈ ਹੋਰ ਉਪਾਅ ਨਹੀ ਹੈ। ਪਰ ਵਿਡੰਮਨਾ ਇਹ ਹੈ ਕਿ ਇਨਸਾਨ ਨੇ ਮਨ ਨੂੰ ਤਾਂ ਪ੍ਰਮਾਤਮਾ ਦੀ ਬਜਾਏ ਸੰਸਾਰ ਨਾਲ ਜੋੜ ਦਿੱਤਾ ਹੈ ਅਤੇ ਤਨ ਨੂੰ ਅਧਿਆਤਮ ਦੇ ਨਾਂ ਤੇ ਕਰਮ-ਕਾਂਡਾਂ ਦੇ ਨਾਲ ਜੋੜ ਦਿੱਤਾ ਹੈ। ਇਹ ਠੀਕ ਇਸ ਤਰ੍ਹਾਂ ਹੀ ਹੈ ਜਿਵੇਂ ਬਿਜਲੀ ਦੀਆਂ ਧਨਾਤਮਿਕ (Positive) ਅਤੇ ਰਿਣਾਤਮਿਕ (Negative) ਤਾਰਾਂ ਆਪਸ ਵਿਚ ਜੁੜ ਕੇ ਧਮਾਕਾ ਪੈਦਾ ਕਰਦੀਆਂ ਹਨ ਅਤੇ ਅੱਗ ਫੈਲ ਕੇ ਚੌਹੀ ਪਾਸੀ ਬਹੁਤ ਨੁਕਸਾਨ ਕਰਦੀ ਹੈ। ਜਦੋਂ ਤਕ ਤਾਰਾਂ ਦਾ ਜੋੜ ਸਹੀ ਨਹੀ ਹੁੰਦਾ ਹੈ ਤਾਂ ਬਿਜਲੀ ਸਾਡੇ ਲਈ ਸੁੰਦਰ ਅਤੇ ਸੁਖਦਾਈ ਨਹੀਂ ਹੁੰਦੀ ਹੈ।

ਸਾਰੇ ਪ੍ਰਮਾਣਿਤ ਧਾਰਮਿਕ ਸ਼ਾਸਤਰਾਂ ਦਾ ਵੀ ਇਹੀ ਸੰਦੇਸ਼ ਹੈ ਕਿ ਅਨਮੋਲ ਮਨੁੱਖੀ ਜੀਵਨ ਦਾ ਮੁੱਖ ਕਰਤੱਵ ਹੈ ਪਰਮਾਤਮਾ ਨੂੰ ਜਾਣਨਾ। ਇਹ ਜਾਣਕਾਰੀ ਕਿਸੇ ਵੀ ਕਰਮਕਾਂਡ ਦੀ ਮੁਹਤਾਜ਼ ਨਹੀਂ-

ਜਾਪ ਤਾਪ ਗਿਆਨ ਸਭਿ ਧਿਆਨ।।
ਖਟ ਸਾਸਤ੍ਰ ਸਿੰਮ੍ਰਿਤ ਵਖਿਆਨ।।
ਜੋਗ ਅਭਿਆਸ ਕਰਮ ਧ੍ਰਮ ਕਿਰਿਆ।।
ਸਗਲ ਤਿਆਗਿ ਬਨ ਮਧੇ ਫਿਰਿਆ।।
ਅਨਿਕ ਪ੍ਰਕਾਰ ਕੀਏ ਬਹੁ ਜਤਨਾ।।
ਪੁੰਨ ਦਾਨ ਹੋਮੇ ਬਹੁ ਰਤਨਾ।।
ਸਰੀਰੁ ਕਟਾਇ ਹੋਮੇ ਕਰਿ ਰਾਤੀ।।
ਵਰਤਨੇਮ ਕਰੈ ਬਹੁ ਭਾਤੀ।।
ਨਹੀ ਤੁਲਿ ਰਾਮ ਨਾਮ ਬੀਚਾਰ।।
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ।।

(ਆਦਿ ਗ੍ਰੰਥ ਪੰਨਾ ਨੰ. 265)

ਸਰਵ ਵਿਆਪੀ ਪਰਮਾਤਮਾ ਦੀ ਜਾਣਕਾਰੀ ਦਾ ਇਕੋ ਇਕ ਸਾਧਨ ਹੈ ਸਮਕਾਲੀ ਸਤਿਗੁਰੂ ਦਾ ਇਸਾਰਾ, ਇਕ ਇਸਾਰੇ ਨਾਲ ਹੀ ਝਟ ਆਤਮਾ ਦਾ ਮਿਲਾਪ ਪਰਮਾਤਮਾ ਨਾਲ ਹੋ ਜਾਂਦਾ ਹੈ ਅਤੇ ਸਾਰੇ ਦੁਖਾਂ ਤੋਂ ਛੁਟਕਾਰਾ ਵੀ ਮਿਲ ਸਕਦਾ ਹੈ :–

ਆਤਮ ਨੂੰ ਪ੍ਰਮਾਤਮ ਮਿਲਿਆ ਦੁਖ ਦੂਰ ਹੋਏ ਸੰਤਾਪ ਗਏ।
ਕਹੇ ਅਵਤਾਰ ਗੁਰੂ ਦੀ ਕਿਰਪਾ ਛਿਨ ਵਿਚ ਹੋ ਮਿਲਾਪ ਗਏ।

(ਸੰ.ਅ.ਬ.ਸ਼. ਨੰ. 197)

ਯੁਗਾਂ-ਯੁਗਾਂ ਤੋਂ ਅਜਿਹਾ ਸਤਿਗੁਰੂ ਪੂਰੇ ਸੰਸਾਰ ਵਿਚ ਇਕ ਪ੍ਰਭੂ-ਪਰਮਾਤਮਾ ਦੇ ਪ੍ਰਚਾਰ ਨਾਲ ਸਭ ਦਾ ਉਧੱਾਰ ਕਰਨ ਲਈ ਹੀ ਪ੍ਰਗਟ ਹੁੰਦਾ ਹੈ-

ਸਤਿਗੁਰੂ ਆਢੈਦੇ ਦੁਨੀਆਂ ਉਤੇ ਸਾਰੇ ਹੀ ਸੰਸਾਰ ਲਈ।
ਸਤਿਗੁਰੂ ਆਢੈਦੇ ਦੁਨੀਆਂ ਉਤੇ ਸਭ ਦੇ ਹੀ ਉਧਾਰ ਲਈ।

(ਸੰ.ਅ.ਬ.ਸ਼. ਨੰ. 67)

ਦੁਨੀਆਂ ਦੇ ਉਧਾਰ ਲਈ ਸਤਿਗੁਰੂ ਪ੍ਰਚਾਰਕ ਸਥਾਪਿਤ ਕਰਦਾ ਹੈ। ਜੋ ਪ੍ਰਚਾਰਕ-ਭਗਤ ਅਪਣੇ ਜੀਵਨ ਵਿਚ ਨਿਰੰਕਾਰ ਪ੍ਰਭੂ ਅਤੇ ਸਤਿਗੁਰੂ ਨੂੰ ਵਿਸ਼ੇਸਤਾ ਦਿੰਦੇ ਹਨ ਉਹ ਸਮਾਜ ਦੀ ਨਜ਼ਰ ਵਿਚ ਆਪਣੀ ਵਿਸ਼ੇਸਤਾ ਦੇ ਪਾਤਰ ਬਣ ਜਾਂਦੇ ਹਨ। ਪਰ ਜੋ ਲੋਕ ਪ੍ਰਚਾਰ ਸੇਵਾ ਨੂੰ ਅਹੁਦਾ ਸਮਝ ਕੇ ਕਿਸੇ ਅਭਿਮਾਨ ਵਿਚ ਆ ਜਾਂਦੇ ਹਨ ਤਾਂ ਉਹ ਕਈ ਵਾਰੀ ਅਜਿਹੇ ਆਚਰਣ ਵਿਹੀਨ ਅਤੇ ਚਾਲਾਕੀ ਵਾਲੇ ਕੰਮ ਕਰਦੇ ਹਨ ਜਿਸਨੂੰ ਵੇਖ ਕੇ ਫਰਿਸ਼ਤਿਆਂ ਨੂੰ ਵੀ ਰੋਣਾ ਆ ਜਾਏ।

"Man, proud man if dressed in a little brief authority, plays fantastic tricks before High Heavens as make the angles weep"- Shakespeare.

ਅਧਿਆਤਮ-ਪ੍ਰਚਾਰ ਵਿਚ ਕੋਈ ਵੀ ਰੁਕਾਵਟ ਪਾਉਣ ਦਾ ਯਤਨ ਕਰਨਾ ਜਾਂ ਅਪਣੀ ਅਲਗ ਡਫਲੀ ਵਜਾਉਣਾ ਪਾਪ ਮੰਨਿਆ ਜਾਂਦਾ ਹੈ। ਪਵਿੱਤਰ ਬਾਈਬਲ ਵਿਚ ਅਜਿਹੇ ਅਧਿਆਤਮ-ਵਹੀਨ ਪ੍ਰਚਾਰਕਾਂ-ਭਗਤਾਂ ਲਈ ਇਸ ਪ੍ਰਕਾਰ ਲਿਖਿਆ ਹੈ :–

"ਕਿਉਂਕਿ ਜਦ ਪਰਮਾਤਮਾ ਨੇ ਉਨ੍ਹਾਂ, ਸਵਰਗ ਦੂਤਾਂ (Angels) ਨੂੰ ਵੀ, ਜਿਨ੍ਹਾਂ ਪਾਪ ਕੀਤਾ, ਨਹੀਂ ਛੱਡਿਆ ਪੱਤੂ ਨਰਕ ਵਿਚ ਭੇਜ ਕੇ ਹਨ੍ਹੇਰੇ ਕੁਡਾਂ ਵਿਚ ਪਾ ਦਿੱਤਾ ਤਾਂ ਕਿ ਨਿਆਏ ਦੇ ਦਿਨ ਤਕ ਬੰਦੀ ਰਹਿਣ"

ਪਤਰਸ 2:4

ਅਤੇ

"ਕਿਉਂਕਿ ਧਰਮ ਦੇ ਮਾਰਗ ਦਾ ਨਾ ਜਾਣਨਾ ਹੀ ਉਨ੍ਹਾਂ ਲਈ ਇਸ ਤੋਂ ਚੰਗਾ ਹੁੰਦਾ ਕਿ ਉਸਨੂੰ ਜਾਣ ਕੇ ਉਸ ਪਵਿੱਤਰ ਆਗਿਆ ਤੋਂ ਮੁਨਕਰ ਹੁੰਦੇ ਜੋ ਉਨ੍ਹਾਂ ਨੂੰ ਸੌਂਪੀ ਗਈ ਸੀ। ਇਹ ਠੀਕ ਉਸ ਸੱਚੀ ਕਹਾਵਤ ਤੇ ਆਧਾਰਤ ਹੈ ਕਿ ਕੁੱਤਾ ਅਪਣੀ ਛਾਂਟ ਵਲ ਅਤੇ ਸੂਦੀ ਸੂਰਨੀ ਚਿੱਕੜ ਵਿਚ ਲੋਟਣ ਲਈ ਫਿਰ ਚਲੀ ਜਾਂਦੀ ਹੈ"

ਪਤਰਸ 2 :21

ਅੱਜ ਸੰਤ ਨਿਰੰਕਾਰੀ ਮਿਸ਼ਨ ਵਿਸ਼ਵ-ਵਿਆਪੀ ਅਧਿਆਤਮਿਕ ਅੰਦੋਲਨ ਹੈ ਜੋ ਨਿਰੰਕਾਰ ਪ੍ਰਭੂ ਪ੍ਰਮਾਤਮਾ ਦਾ ਸਹਿਜੇ ਹੀ ਸਾਖਸ਼ਾਤਕਾਰ ਕਰਵਾਉਂਦਾ ਹੈ ਜਿਸ ਨਾਲ ਸਮੁੱਚੇ ਸਮਾਜ ਵਿਚ ਆਪਸੀ ਪਿਆਰ-ਸਤਿਕਾਰ ਰਾਹੀਂ ਦਇਆ, ਕਰੁਣਾ ਉਤਪੰਨ ਹੁੰਦੀ ਹੈ।

ਇਕ ਨੂੰ ਜਾਣਕੇ ਘਟ-ਘਟ ਅੰਦਰ ਸਭਨਾਂ ਦੇ ਨਾਲ ਪਿਆਰ ਕਰਨ।
ਇਕ ਨੂੰ ਜਾਣ ਕੇ ਘਟ ਘਟ ਅੰਦਰ ਸਭਨਾਂ ਦਾ ਸਤਿਕਾਰ ਕਰਨ।

(ਅਵਤਾਰ ਬਾਣੀ- 228)

ਅਧਿਆਤਮਿਕ ਆਧਾਰ ਤੇ ਮਿਸ਼ਨ ਪਿਆਰ ਦਾ ਅਥਾਹ ਸਮੁੰਦਰ ਹੈ ਜਿਸ ਲਈ ਸਾਰਾ ਸੰਸਾਰ ਤਰਸ ਰਿਹਾ ਹੈ। ਇਸ ਸੱਚ ਸੰਦੇਸ਼ ਨੂੰ ਫੈਲਾਉਣ ਵਿਚ ਅਗਰ ਕੋਈ ਵੀ ਬਾਧਕ ਬਣਦਾ ਹੈ ਤਾਂ ਉਹ ਹੂ-ਬ-ਹੂ ਉਪਰ ਦਿੱਤੇ ਗਏ ਬਾਈਬਲ ਦੇ ਸੰਕੇਤ ਅਨੁਸਾਰ ਗੁਨਾਹਗਾਰ ਹੈ।

ਨਿਰੰਕਾਰੀ ਬਾਬਾ ਜੀ ਫਰਮਾਉਂਦੇ ਹਨ ''ਅਗਰ ਗੁਰਮੱਤ ਨੂੰ ਸਾਹਮਣੇ ਰੱਖ ਕੇ ਮੂਲ ਅਸੂਲਾਂ ਅਨੁਸਾਰ ਆਪਣੇ ਆਪਨੂੰ ਢਾਲ ਲੈਂਦੇ ਹਾਂ ਅਤੇ ਉਸ ਅਨੁਸਾਰ ਆਪਣੇ ਆਪ ਨੂੰ ਢਾਲਿਆ ਹੁੰਦਾ ਹੈ ਤਾਂ ਅੱਜ ਜੋ ਮਿਸ਼ਨ ਦਾ ਵਿਸਥਾਰ ਦੇਖ ਰਹੇ ਹਾਂ, ਦਾਸ ਸਮਝਦਾ ਹੈ ਕਿ ਇਸਤੋਂ ਕਈ ਗੁਣਾਂ ਜ਼ਿਆਦਾ ਵਿਸਥਾਰ ਹੋਣਾ ਸੀ। ਸਾਡੀ ਪਹਿਚਾਣ ਅਧਿਆਤਮਿਕ ਹੈ। ਮਿਸ਼ਨ ਦਾ ਵਜੂਦ ਹਰ ਤਰ੍ਹਾਂ ਤੋਂ ਭਿੰਨ ਹੈ। ਮਿਸ਼ਨ ਵਿਚ ਬਹੁਤ ਪਿਆਰ ਹੈ। ਮਿਸ਼ਨ ਦਾ ਬੜਾ ਯੋਗਦਾਨ ਹੈ। ਮਿਸ਼ਨ ਦੀ ਜੈਸੀ ਝਲਕ ਹੈ, ਜੇਕਰ ਅਸੀਂ ਸਾਰੇ ਆਪਣੇ ਆਪਨੂੰ ਹੂਬਹੂ ਢਾਲ ਲਈਏ ਤਾਂ ਵਾਕਈ ਅਧਿਆਤਮ ਲਹਿਰ ਵਿਚ ਕਿਤਨਾ ਉਚੱਾ ਸਥਾਨ ਇਸ ਮਿਸ਼ਨ ਨੂੰ ਪ੍ਰਾਪਤ ਹੋਵੇਗਾ।''

ਸਮੁੱਚੇ ਤੌਰ ਤੇ ਸੰਸਾਰ ਨੂੰ ਸੁੰਦਰਤਾ ਪ੍ਰਦਾਨ ਕਰਨ ਲਈ ਹਰ ਇਨਸਾਨ ਲਈ ਜ਼ਰੂਰੀ ਹੈ ਕਿ ਉਹ ਵਿਸ਼ੇਸ਼ ਰੂਪ ਵਿਚ ਆਪਣਾ ਜੀਵਨ ਸੁੰਦਰ ਬਣਾਵੇ। ਇਹ ਸੁੰਦਰਤਾ ਤਾਂ ਹੀ ਸੰਭਵ ਹੈ ਜਦੋਂ ਇਨਸਾਨ ਅਧਿਆਤਮਿਕ ਸੰਦੇਸ਼ ਤੇ ਚਲਕੇ ਪਰਮਾਤਮਾ ਨੂੰ ਵਿਸ਼ਸੇਤਾ ਜਿਨ੍ਹਾਂ ਲੋਕਾਂ ਨੇ ਅਜੇ ਤਕ ਬ੍ਰਹਮਗਿਆਨ ਪ੍ਰਾਪਤ ਨਹੀਂ ਕੀਤਾ ਉਨ੍ਹਾਂ ਲਈ ਅਰਦਾਸ ਹੈ ਕਿ ਉਹ ਇਸ ਅਮੁੱਲੀ ਦਾਤ ਨੂੰ ਪਾ ਲੈਣ। ਪਰ ਜੋ ਗਿਆਨ ਲੈ ਕੇ ਇਸਦੀ ਮਹਾਨਤਾ ਨੂੰ ਸਮਝੇ ਬਿਨਾਂ ਕਿਸੇ ਵੀ ਕਾਰਨ ਪਿਛੇ ਹਟਦੇ ਹਨ ਉਨ੍ਹਾਂ ਤੇ ਤਰਸ ਆਉਂਦਾ ਹੈ :–

ਸੋਚੋ ਸਮਝੋ ਤਾਂ ਗੱਲ ਮੰਨੋ ਮੰਨ ਕੇ ਤੇ ਫਿਰ ਡੋਲੋ ਨਾ।
ਕਹੇ ਅਵਤਾਰ ਸੱਚ ਨੂੰ ਪਾ ਕੇ ਫੇਰ ਜ਼ਿੰਦਗੀ ਫੋਲੋ ਨਾ।
(ਅਵਤਾਰ ਬਾਣੀ- 330)

ਅਧਿਆਤਮ - ਸਤਿਗੁਰੂ ਦੀ ਦੇਨ

ਡਾ. ਰਵੀ ਬੰਗੜ (ਇਟਲੀ)

ਇਨਸਾਨ ਆਪਣੀ ਅਕਲ-ਸਿਆਣਪ ਛੱਡ ਕੇ ਸਤਿਗੁਰੂ ਦੇ ਚਰਨਾਂ ਵਿਚ ਨਤ-ਮਸਤਕ ਹੋ ਜਾਵੇ ਤਾਂ ਆਤਮਾ ਦਾ ਅਧਿਐਨ ਹੋ ਜਾਂਦਾ ਹੈ ਭਾਵ ਕਿ ਅਧਿਆਤਮ ਪ੍ਰਾਪਤ ਹੋ ਜਾਂਦਾ ਹੈ।

ਅਧਿਆਤਮ ਮਾਰਗ ਮਤਲਬ ਇਹ ਕਿ ਆਤਮਾ ਦਾ ਅਧਿਐਨ ਕਰਨਾ ਅਤੇ ਆਪਣੀ ਇਸ ਮਨੁੱਖੀ ਜ਼ਿੰਦਗੀ ਵਿਚ ਇਸਦਾ ਸੰਚਾਰ ਕਰਨਾ। ਅਧਿਆਤਮਿਕਤਾ ਸਿਰਫ ਤੇ ਸਿਰਫ ਸਤਿਗੁਰੂ ਦੇ ਚਰਨਾਂ ਵਿਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨਸਾਨ ਆਪਣੀ ਅਕਲ-ਸਿਆਣਪ ਛੱਡ ਕੇ ਸਤਿਗੁਰੂ ਦੇ ਚਰਨਾਂ ਵਿਚ ਨਤ-ਮਸਤਕ ਹੋ ਜਾਵੇ ਤਾਂ ਆਤਮਾ ਦਾ ਅਧਿਐਨ ਹੋ ਜਾਂਦਾ ਹੈ ਭਾਵ ਕਿ ਅਧਿਆਤਮ ਪ੍ਰਾਪਤ ਹੋ ਜਾਂਦਾ ਹੈ। ਫਿਰ ਅਧਿਆਤਮ ਮਾਰਗ ਉਪਰ ਚੱਲਣ ਵਾਲਾ ਇਨਸਾਨ ਸਰਬ ਗੁਣ ਸੰਪੰਨ ਹੋ ਜਾਂਦਾ ਹੈ ਭਾਵ ਨਿਮਰਤਾ, ਸਹਿਨਸ਼ੀਲਤਾ, ਦਇਆ, ਪਿਆਰ, ਸਮਦ੍ਰਿਸ਼ਟੀ, ਗੁਰਮਤਿ, ਸਬਰ-ਸ਼ਾਂਤੀ, ਭਗਤੀ, ਸਮਰਪਨ, ਖ਼ਿਮਾ ਅਤੇ ਪ੍ਰਮਾਰਥ ਆਦਿ ਸਭ ਗੁਣ ਜ਼ਿੰਦਗੀ ਵਿਚ ਪ੍ਰਵੇਸ਼ ਕਰ ਜਾਂਦੇ ਹਨ।

9 ਜੁਲਾਈ 2008 ਨੂੰ **scope** ਆਡੀਟੋਰੀਅਮ ਵਿਖੇ 'ਵਿਵਸਾਇਕ ਪ੍ਰਬੰਧ ਨੂੰ ਅਧਿਆਤਮਿਕਤਾ ਦਾ ਆਧਾਰ ਬਣਾਓ' ਵਿਸੇ ਤੇ ਹੋਏ ਸੈਮੀਨਾਰ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਫਰਮਾਇਆ ਕਿ -

ਅਧਿਆਤਮਿਕ ਪਹਿਲੂ ਕਮਜ਼ੋਰ ਹੋਣ ਦੇ ਕਾਰਨ ਅੱਜ ਵਸਤੂਆਂ ਨਾਲ ਪਿਆਰ ਹੈ ਅਤੇ ਇਨਸਾਨਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਜਦ ਕਿ ਲੋੜ ਹੈ ਇਨਸਾਨ ਨਾਲ ਪਿਆਰ ਅਤੇ ਵਸਤੂਆਂ ਦਾ ਪ੍ਰਯੋਗ ਹੋਵੇ। ਖੁਦਗਰਜ਼ੀ ਇਨਸਾਨ ਦੇ ਲਈ ਇਨਸਾਨ ਦੀ ਬਜਾਏ ਵਸਤੂਆਂ ਪਿਆਰੀਆਂ ਹੋ ਗਈਆਂ ਹਨ। ਭੌਤਿਕ ਤੌਰ ਤੇ ਤਰੱਕੀ ਕਰਨ ਵਾਲਾ ਇਨਸਾਨ ਅਧਿਆਤਮਿਕ ਤੌਰ ਤੇ ਅੱਜ ਵੀ ਪਿਛੜਿਆ ਹੋਇਆ ਹੈ। ਇਕ ਸ਼ੇਅਰ ਵੀ ਬਾਬਾ ਜੀ ਨੇ ਕਿਹਾ ਕਿ -

ਇਸਕਾ ਨਹੀਂ ਗਮ ਕੇ ਗਿਰੀ ਸਿੱਕੇ ਕੀ ਕੀਮਤ,
ਅਫਸੋਸ ਹੈ ਕੀਮਤੋਂ ਇਨਸਾਨ ਗਿਰੀ ਜਾਤੀ ਹੈ।

ਅਸੀਂ ਸਾਰੇ ਹੀ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਹਾਂ ਕਿ ਜਿਤਨੇ ਵੀ ਗੁਰੂ-ਪੀਰ-ਪੈਗੰਬਰ ਇਸ ਮਾਤ ਲੋਕ ਵਿਚ ਪ੍ਰਗਟ ਹੋਏ ਹਨ ਉਹਨਾਂ ਨੇ ਇਸ ਇਨਸਾਨ ਨੂੰ ਇਸ ਰੱਬੀ ਮਾਰਗ ਉਪਰ ਭਾਵ ਅਧਿਆਤਮ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਦਿੱਤੀ। ਸੰਪੂਰਣ ਅਵਤਾਰ ਬਾਣੀ ਵਿਚ ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਨੇ ਵੀ ਇਨਸਾਨ ਨੂੰ ਇਸ ਪੱਖੋਂ ਜਾਗ੍ਰਿਤ ਕਰਦੇ ਹੋਏ ਇਸ ਤਰ੍ਹਾਂ ਫਰਮਾਇਆ ਹੈ-

ਇਸ ਜਗ ਦਾ ਸਾਮਾਨ ਹੈ ਝੂਠਾ ਅੰਤ ਨਾਲ ਨਹੀਂ ਜਾਣਾ ਏ।
ਸਾਧ ਸੰਗ ਮਿਲ ਨਾਮ ਨੂੰ ਜਾਣੈ ਜਿਸ ਨੇ ਪਾਰ ਲੰਘਾਣਾ ਏ।
ਬਿਨਾ ਨਾਮ ਦੇ ਜਨਮ ਮਰਨ ਤੋਂ ਕਿਸੇ ਨਹੀਂ ਬਚਾਣਾ ਏ।
ਗੇੜ ਚੁਰਾਸੀ ਲੱਖ ਜੂਨਾਂ ਦਾ ਰੱਬ ਦੇ ਗਿਆਨ ਮੁਕਾਣਾ ਏ।
ਗਿਆਨ ਗੁਰੂ ਦੇ ਬਾਝੋਂ ਬੰਦੇ ਅੱਜ ਤਕ ਕਿਸੇ ਨੇ ਪਾਇਆ ਨਹੀਂ।
ਕਹੇ ਅਵਤਾਰ ਗਿਆਨ ਨਹੀਂ ਮਿਲਿਆ ਜਦ ਤਕ ਗੁਰੂ ਰਿਝਾਇਆ ਨਹੀਂ।

(ਸੰ. ਅ. ਬ. ਸ. ਨੰ. 243)

ਇਸ ਗਿਆਨ ਦੀ ਜੋਤ ਨੂੰ ਅੱਜ ਵੀ ਮੌਕੇ ਦੇ ਰਹਿਬਰ ਸਤਿਗੁਰੂ ਬਾਬਾ ਜੀ ਇਸ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾ ਰਹੇ ਹਨ। ਅੱਜ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਰਹਿਮਤ ਸਦਕਾ ਦੇਸ਼-ਵਿਦੇਸ਼ ਵਿਚ ਇਸ ਅਧਿਆਤਮ ਮਾਰਗ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ■

ਸ਼ਾਂਤੀ ਦਾ ਵਾਤਾਵਰਣ ਸਥਾਪਿਤ ਕਰਨ 'ਚ ਯੋਗਦਾਨ ਦੇਈਏ

— ਸਤਿਗੁਰੂ ਬਾਬਾ ਜੀ

ਨਵੀਂ ਦਿੱਲੀ, 22 ਜੁਲਾਈ। ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਸ਼ਾਂਤੀਪੂਰਵਕ ਰਹਿਣ ਅਤੇ ਸ਼ਾਂਤੀ ਦਾ ਵਾਤਾਵਰਣ ਸਥਾਪਿਤ ਕਰਨ ਲਈ ਪ੍ਰੇਰਿਤ ਕੀਤਾ। ਆਪ ਕੀਰਤੀ ਨਗਰ ਵਿਖੇ ਸ੍ਰੀ ਗੁਰੂ ਤੇਗਬਹਾਦੁਰ ਪਾਰਕ ਵਿਚ ਹੋਏ ਸਤਿਸੰਗ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ।

ਸਤਿਗੁਰੂਦੇਵ ਜੀ ਨੇ ਕਿਹਾ ਕਿ ਪ੍ਰੇਮ ਅਤੇ ਮਾਨਵਤਾ ਨੂੰ ਜ਼ਿੰਦਾ ਰੱਖ ਕੇ ਵਿਚਰਣ ਕਰਨਾ ਹੈ। ਇਸ ਵਿਸੇ ਵਿਚ ਅੰਗਰੇਜ਼ੀ ਦੀ ਇਹ ਕਹਾਵਤ ਧਿਆਨ ਦੇਣ ਯੋਗ ਹੈ ਕਿ 'We do not want the peace of grave, we want living peace.' ਅਰਥਾਤ ਕਬਰਿਸਤਾਨ ਦੀ ਨਹੀਂ ਬਲਕਿ ਜੀਵੰਤ ਸ਼ਾਂਤੀ ਹੋਣੀ ਚਾਹੀਦੀ ਹੈ। ਜ਼ਰੂਰਤ ਤਾਂ ਇਹ ਹੈ ਕਿ ਜ਼ਿੰਦਾ ਹੁੰਦੇ ਹੋਏ ਇਨਸਾਨ ਸ਼ਾਂਤੀਪੂਰਣ ਵਾਤਾਵਰਣ ਬਣਾਏ।

ਆਪਨੇ ਕਿਹਾ ਕਿ ਸ਼ਾਂਤੀ ਨਾਲ ਜਿਥੇ ਆਪ ਰਹੀਏ ਉਥੇ ਹੋਰਾਂ ਨੂੰ ਵੀ ਅਜਿਹਾ ਹੀ ਸਕੂਨ ਭਰਿਆ ਵਾਤਾਵਰਣ ਦੇਈਏ। ਇਕ-ਦੂਜੇ ਦੇ ਭਲੇ ਦੇ ਲਈ ਕੰਮ ਕਰੀਏ। ਆਪ ਵੀ ਉਜਾਲੇ ਨਾਲ ਭਰਪੂਰ ਰਹੀਏ ਅਤੇ ਮਾਨਵਤਾ ਦੇ ਪੱਧਰ ਨੂੰ ਉਚੱਾ ਰੱਖਣ ਦੀ ਦਿਸਾ ਵਿਚ ਅੱਗੇ ਵਧੀਏ। ਯੁਗਾਂ-ਯੁਗਾਂ ਤੋਂ ਸੰਤਾਂ, ਭਗਤਾਂ ਅਤੇ ਅਵਤਾਰੀ ਮਹਾਂਪੁਰਸਾਂ ਨੇ ਇਹੀ ਜਤਨ ਕੀਤਾ ਹੈ ਕਿ ਇਨਸਾਨ ਸਹੀ ਦਿਸਾ ਦੀ ਚੋਣ ਕਰੇ। ਸਾਕਾਰਾਤਮਕ ਸੋਚ ਅਪਨਾ ਕੇ ਸੁੰਦਰ ਭਾਵਨਾਵਾਂ ਨਾਲ ਭਰਪੂਰ ਹੋਏ ਸਮਦ੍ਰਿਸਟੀ ਦੇ ਭਾਵ ਨੂੰ ਪ੍ਰਬਲ ਰੱਖੇ ਅਤੇ ਸੰਤਾਂ ਨੇ ਜੀਵਨ ਜੀਣ ਦਾ ਜੋ ਸਲੀਕਾ ਸਿਖਾਇਆ ਹੈ, ਉਸਨੂੰ ਅਪਨਾਏ।

ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਜੀਵਨ ਦੀ ਚਾਲ ਨੂੰ ਸੁੰਦਰ ਬਣਾਉਣ ਲਈ ਅਵਤਾਰੀ ਮਹਾਂਪੁਰਸਾਂ ਦੇ ਕਲਿਆਣਕਾਰੀ ਬਚਨਾਂ ਨੂੰ ਜੀਵਨ ਵਿਚ ਅਪਨਾਣਾ ਹੋਵੇਗਾ। ਸੰਸਾਰ ਵਿਚ ਧਾਰਮਿਕ ਪੀਰ-ਪੈਗੰਬਰਾਂ ਦੇ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਦੀ ਕਮੀ ਨਹੀਂ ਹੈ। ਆਸਤਕ ਵੀ ਹਨ ਅਤੇ ਨਾਸਤਕ ਵੀ ਹਨ। ਧਰਮ-ਸਥਾਨਾਂ ਦੀ ਵੀ ਭਰਮਾਰ ਹੈ ਲੇਕਿਨ ਪੂਜਾ ਕਰਨੀ ਹੈ ਤਾਂ ਪਹਿਲਾ ਖੁਦ ਮੰਦਿਰ ਹੋ ਜਾਣਾ ਹੋਵੇਗਾ। ਮਨ ਨੂੰ ਮੰਦਿਰ ਬਣਾਉਣ ਲਈ ਸਦਭਾਵਨਾਵਾਂ ਨੂੰ ਧਾਰਣ ਕਰਨਾ ਜ਼ਰੂਰੀ ਹੈ। ਪ੍ਰਭੂ ਨੂੰ ਹਿਰਦੇ ਵਿਚ ਵਸਾਏ ਬਿਨਾਂ ਸਦਭਾਵਨਾ ਆਉਣਾ ਅਸੰਭਵ ਹੈ।

ਇਨਸਾਨ ਦੇ ਡਿਗਦੇ ਮਿਆਰ ਤੇ ਚਿੰਤਾ ਜ਼ਾਹਿਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਪੀਰ-ਪੈਗੰਬਰਾਂ ਦੀ ਉਚੀ ਮਤਿ ਨੂੰ ਧਾਰਣ ਕਰਕੇ ਹੀ ਇਨਸਾਨ ਉਚੱਾਈਆਂ ਵਲ ਜਾ ਸਕਦਾ ਸੀ ਲੇਕਿਨ ਵਿਪਰੀਤ ਸੋਚ ਦੇ

ਕਾਰਣ ਇਹ ਗਿਰਾਵਟ ਵਲ ਜਾ ਰਿਹਾ ਹੈ। ਚਾਰੋਂ ਪਾਸੇ ਖਿਚਾਵ ਅਤੇ ਦੂਰੀਆਂ ਵਧਦੀਆਂ ਜਾ ਰਹੀਆਂ ਹਨ। ਅੱਜ ਹੀ ਹੋਈ ਖਗੋਲੀਯ ਘਟਨਾ ਸੂਰਜ ਗ੍ਰਹਿਣ ਤੇ ਟਿਪਣੀ ਕਰਦੇ ਹੋਏ ਕਿਹਾ ਕਿ ਕੁਦਰਤ ਦੇ ਇਸ ਨਜ਼ਾਰੇ ਦੀ ਅਪਣੀ ਅਹਿਮੀਅਤ ਹੈ। ਲੇਕਿਨ ਉਜਾਲਾ, ਅੰਧਕਾਰ ਵਿਚ ਤਬਦੀਲ ਹੋ ਰਿਹਾ ਹੈ ਤਾਂ ਇਨਸਾਨ ਖੁਸੀ ਮਨਾ ਰਿਹਾ ਹੈ। ਅਜਿਹੇ ਹੀ ਵਿਪਰੀਤ ਸੋਚ ਵਾਲੇ ਇਨਸਾਨ, ਨੁਕਸਾਨ ਹੋਣ ਤੇ ਜਸ਼ਨ ਮਨਾਉਂਦੇ ਹਨ। ਧਰਮੀ ਹੋਣ ਦਾ ਦਾਅਵਾ ਕਰਨ ਵਾਲੇ ਹੀ ਘਿਨੌਣੇ ਕੰਮ ਕਰਦੇ ਹਨ। ਲੇਕਿਨ ਭਗਤ ਹੀ ਹੁੰਦੇ ਹਨ ਜੋ ਪਰਹਿਤ ਦੇ ਭਾਵ ਨਾਲ ਭਰਪੂਰ ਰਹਿੰਦੇ ਹਨ। ਉਹ ਪ੍ਰੇਮ ਭਰਿਆ ਵਾਤਾਵਰਣ ਬਣਾਉਣ ਵਿਚ ਸੁੰਦਰ ਯੋਗਦਾਨ ਦੇਂਦੇ ਹਨ।

ਸਤਿਸੰਗ ਸਮਾਰੋਹ ਵਿਚ ਸਥਾਨਕ ਐਮ. ਐਲ. ਏ ਸ੍ਰੀ ਸੁਭਾਸ਼ ਸਚਦੇਵਾ ਨੇ ਵੀ ਅਪਣੇ ਭਾਵ ਪ੍ਰਗਟ ਕੀਤੇ ਅਤੇ ਕਿਹਾ ਕਿ ਸੰਤਾਂ ਨੇ ਹਮੇਸ਼ਾ ਹੀ ਮਾਨਵਤਾ ਨੂੰ ਸੱਚ ਹੀ ਰਾਹ ਦਿਖਾਈ ਹੈ ਲੇਕਿਨ ਇਨਸਾਨ ਸੰਤਾਂ ਦੀਆਂ ਸਿਖਿਆਵਾਂ ਅਪਨਾਂਦਾ ਨਹੀਂ। ਮੰਚ ਸੰਚਾਲਨ ਸ੍ਰੀ ਸੁਰਜੀਤ ਸਿੰਘ 'ਨਸ਼ੀਲਾ' ਨੇ ਕੀਤਾ।

– ਸ਼੍ਰੀਰਾਮ ਪ੍ਰਜਾਪਤੀ ਰਾਹੀ

ਪਰਮਾਤਮਾ ਹੀ ਜੀਵਨ ਦਾ ਆਧਾਰ

- ਸਤਿਗੁਰੂ ਬਾਬਾ ਜੀ

ਦਿੱਲੀ, 16 ਜੁਲਾਈ। ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕਿਹਾ ਹੈ ਕਿ ਪਰਮਾਤਮਾ ਹੀ ਜੀਵਨ ਦਾ ਆਧਾਰ ਹੈ। ਮਨ ਵਿਚ ਸ਼ੁਧਤਾ ਅਤੇ ਸੁੰਦਰਤਾ ਵੀ ਇਸੀ ਦੇ ਕਾਰਣ ਆਉਂਦੀ ਹੈ, ਇਸਲਈ ਇਸ ਨਾਲ ਨਾਤਾ ਜੋੜਨਾ ਜ਼ਰੂਰੀ ਹੈ। ਆਪ ਰਾਨੀਬਾਗ (ਸ਼ਕੁਰ ਬਸਤੀ) ਖੇਤਰ ਵਿਚ ਸ਼ਰਧਾਲੂ-ਭਗਤਾਂ ਨੂੰ ਸੰਬੋਧਿਤ ਕਰ ਰਹੇ ਸਨ।

ਸਤਿਗੁਰੂਦੇਵ ਹਰਦੇਵ ਜੀ ਨੇ ਕਿਹਾ ਕਿ ਸੰਤਜਨ ਇਨਸਾਨ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਦੁਨਿਆਵੀ ਸਿਲਸਿਲਿਆਂ ਵਿਚ ਇਨਸਾਨ ਜਿਸ ਪਰਮਾਤਮਾ ਨੂੰ ਭੁਲਾਈ ਬੈਠਾ ਹੈ, ਇਸੀ ਦੀ ਅਹਿਮੀਅਤ ਹੈ। ਇਸੀ ਦੀ ਬਦੌਲਤ ਜੜ-ਚੇਤਨ ਹਨ, ਦ੍ਰਿਸ਼-ਅਦ੍ਰਿਸ਼, ਤਮਾਮ ਸ਼ਕਤੀਆਂ, ਜਿਸ ਪਰਮ ਊਰਜਾ ਨਾਲ ਉਤਪੰਨ ਹੋਈਆਂ ਹਨ, ਅਜਿਹੇ ਪਰਮਤੱਤ, ਪਰਮਾਤਮਾ ਦੇ ਪੁਜਾਰੀ ਬਣ ਕੇ ਹੀ ਜੀਵਨ ਵਿਚ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਪਨੇ ਕਿਹਾ ਕਿ ਇਨਸਾਨ, ਅਮੋਲਕ ਜੀਵਨ ਨੂੰ ਰਾਹਾਂ ਦੇ ਜੰਗਲਾਂ ਵਿਚ ਭਟਕ ਕੇ ਗਵਾ ਦੇਂਦਾ ਹੈ ਲੇਕਿਨ ਇਨ੍ਹਾਂ ਰਾਹਾਂ ਦੇ ਜੰਗਲਾਂ ਚੋਂ ਨਿਕਲ ਕੇ ਮੰਜ਼ਿਲ ਦੀ ਪ੍ਰਾਪਤੀ ਕਰ ਲੈਂਦੇ ਹਨ, ਉਨ੍ਹਾਂ ਦੀ ਹੀ ਵਿਸ਼ੇਸਤਾ ਹੁੰਦੀ ਹੈ। ਫਿਰ ਚਾਹੇ ਉਹ ਛੋਟੀ ਉਮਰ ਵਾਲਾ ਭਗਤ ਪ੍ਰਹਿਲਾਦ ਹੋਵੇ, ਮੀਰਾਬਾਈ ਹੋਵੇ, ਨੌਜਵਾਨੀ ਦੀ ਉਮਰ ਵਾਲੇ ਸਵਾਮੀ ਵਿਵੇਕਾਨੰਦ ਜੀ ਹੋਣ ਜਾਂ ਫਿਰ ਬਜ਼ੁਰਗੀ ਦੇ ਆਖਿਰੀ ਪੜਾਵ ਤੋਂ ਲੰਘ ਰਹੇ ਹੋਰ ਭਗਤ ਹੋਣ, ਉਨ੍ਹਾਂ ਨੂੰ ਜਾਗ੍ਰਤੀ ਮਿਲ ਗਈ।

ਸਤਿਗੁਰੂ ਬਾਬਾ ਜੀ ਨੇ ਮਾਨਵ ਮਾਤਰ ਨੂੰ ਚੇਤਾਵਨੀ ਦੇਂਦੇ ਹੋਏ ਕਿਹਾ ਕਿ ਜੇ ਸਮੇਂ ਦਾ ਸਦਉਪਯੋਗ ਨਹੀਂ ਕੀਤਾ, ਦੁਨਿਆਵੀ ਪਦਾਰਥਾਂ ਨੂੰ ਹੀ ਅਹਿਮੀਅਤ ਦਿੱਤੀ ਤਾਂ ਉਨ੍ਹਾਂ ਬਾਰੇ 'ਚ ਕਹਿਣਾ ਪਿਆ ਕਿ **'ਖਾਲੀ ਹੱਥ ਆਏ ਖਾਲੀ ਹੱਥ ਚਲੇ ਗਏ'** ਜਾਂ ਫਿਰ ਦੂਜੇ ਸ਼ਬਦਾਂ ਵਿਚ **'ਮੁੱਠੀ ਬਾਂਧੇ ਆਏ ਜਗ ਮੋਂ, ਹਾਥ ਪਸਾਰੇ ਜਾਏਗਾ।'** ਇਸਲਈ ਵਰਮਮਾਨ ਦੀ ਕਦਰ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਕਹਿਣ ਨੂੰ ਤਰਕ ਦੇਣ ਵਾਲੇ ਕਹਿ ਵੀ ਦੇਂਦੇ ਹਨ ਕਿ ਬ੍ਰਹਮਗਿਆਨੀ ਖਾਲੀ ਹੱਥ ਨਹੀਂ ਜਾਂਦੇ ? ਕਿਉਂਕਿ ਬੁੱਧੀ ਜ਼ਿਆਦਾ ਇਸਤੇਮਾਲ ਹੁੰਦੀ ਹੈ। ਜੋ ਦੁਨਿਆਦਾਰੀ ਨੂੰ ਵਿਸ਼ੇਸਤਾ ਦੇਂਦੇ ਹਨ, ਉਨ੍ਹਾਂ ਦੀ ਸਾਰੀ ਖੇਡ ਦਿਮਾਗੀ ਹੁੰਦੀ ਹੈ। ਲੇਕਿਨ ਭਗਤੀ ਅਤੇ ਪਰਮਾਰਥ ਵਿਚ ਦਿਲ ਦੀਆਂ ਭਾਵਨਾਵਾਂ ਦੀ ਅਹਿਮੀਅਤ ਹੁੰਦੀ ਹੈ। ਭਗਤ, ਸੰਸਾਰ ਵਿਚ ਰਹਿੰਦੇ ਹਨ ਤਾਂ ਵੀ ਇਸ ਰਾਮ-ਨਾਮ ਰੂਪੀ ਦੌਲਤ ਨਾਲ ਮਾਲੋਮਾਲ ਰਹਿੰਦੇ ਹਨ ਅਤੇ ਜਾਂਦੇ ਹਨ ਤਦ ਵੀ ਮਾਲੋਮਾਲ

ਰਹਿੰਦੇ ਹਨ। ਇਸੀ ਵਿਸ਼ੇ ਵਿਚ ਕਬੀਰਦਾਸ ਜੀ ਕਹਿੰਦੇ ਹਨ-

ਕਬੀਰ ਸਬ ਜਗ ਨਿਰਧਨਾ ਧਨਵੰਤਾ ਨਹੀ ਕੋਇ।
ਧਨਵੰਤਾ ਸੋ ਜਾਣੀਏ ਜਾਕੇ ਰਾਮ ਨਾਮ ਧਨ ਹੋਇ।

ਸਤਿਸੰਗ ਸਮਾਰੋਹ ਵਿਚ ਅਨੇਕ ਗੀਤਕਾਰਾਂ, ਕਵੀਆਂ ਨੇ ਅਤੇ ਬੁਲਾਰਿਆਂ ਨੇ ਵੀ ਅਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ, ਜਿਨ੍ਹਾਂ ਵਿਚ ਸੰਤ ਨਿਰੰਕਾਰੀ ਮੰਡਲ ਦੇ ਲੇਖਾ-ਜੋਖਾ ਵਿਭਾਗ ਦੇ ਐਡੀਸ਼ਨਲ ਇੰਚਾਰਜ਼ ਸ੍ਰੀ ਐਸ. ਐਲ. ਖੁਰਾਨਾ ਜੀ ਵੀ ਸ਼ਾਮਿਲ ਸਨ। ਸੈਕਟਰ ਪ੍ਰਮੁੱਖ ਸ੍ਰੀ ਰਾਜਕੁਮਾਰ ਛਾਬੜਾ ਜੀ ਨੇ ਖੇਤਰ ਦੇ ਸਾਰੇ ਮੁੱਖੀ ਮਹਾਤਮਾਵਾਂ ਦੇ ਨਾਲ ਸਤਿਗੁਰੂ ਬਾਬਾ ਜੀ, ਨਿਰੰਕਾਰੀ ਰਾਜਮਾਤਾ ਜੀ ਅਤੇ ਪੂਜਯ ਮਾਤਾ ਜੀ ਦਾ ਸਵਾਗਤ ਕੀਤਾ। **- ਵਿਸ਼ੇਸ਼ ਪ੍ਰਤੀਨਿਧੀ ਰਾਹੀ**

ਸਤਿਗੁਰੂ ਬਾਬਾ ਜੀ ਦੇ ਪ੍ਰਵਚਨ 'ਜ਼ੂ ਮਿਊਜ਼ਿਕ' ਟੀ.ਵੀ. ਚੈਨਲ ਤੇ

ਸਤਿਗੁਰੂ ਬਾਬਾ ਹਰਦੇਵ ਸਿੰਘ ਮਹਾਰਾਜ ਦੇ ਪਾਵਨ ਪ੍ਰਵਚਨ 'ਜ਼ੂ ਮਿਊਜ਼ਿਕ' ਟੀ. ਵੀ. ਚੈਨਲ ਤੇ ਹਰ ਰੋਜ਼ ਸਵੇਰੇ 7.00 ਵਜੇ ਤੋਂ 7.30 ਵਜੇ ਤਕ ਪ੍ਰਸਾਰਿਤ ਕੀਤੇ ਜਾ ਰਹੇ ਹਨ। ਇਹ ਪ੍ਰਸਾਰਣ 'ਜੀ ਟੀ. ਵੀ. ਦੇ ਇਲਾਵਾ ਹੈ ਜਿਥੇ ਸਤਿਗੁਰੂ ਬਾਬਾ ਜੀ ਦੇ ਪ੍ਰਵਚਨ ਹਰ ਬੁੱਧਵਾਰ ਅਤੇ ਵੀਰਵਾਰ ਨੂੰ ਸਵੇਰੇ 6.00 ਤੋਂ 6.30 ਵਜੇ ਤਕ ਪ੍ਰਸਾਰਿਤ ਕੀਤੇ ਜਾਂਦੇ ਹਨ। ਸੰਗਤਾਂ ਇਸ ਮਾਧਿਯਮ ਰਾਹੀਂ ਵੀ ਸਤਿਗੁਰੂ ਪ੍ਰਵਚਨਾਂ ਦਾ ਲਾਭ ਪ੍ਰਾਪਤ ਕਰ ਸਕਦੀਆਂ ਹਨ।

ਸੰਤ ਨਿਰੰਕਾਰੀ ਮੰਡਲ,
— ਪ੍ਰੈਸ ਅਤੇ ਪਬਲਸਿਟੀ ਵਿਭਾਗ

ਆਤਮ-ਮੰਥਨ ਦਾ ਸਹੀ ਜਵਾਬ

1.ਖ	2.ਗ	3.ਕ	4.ਘ	5.ਕ
6.ਖ	7.ਘ	8.ਖ	9.ਘ	10.ਗ
11.ਕ	12.ਖ	13.ਗ	14.ਘ	15.ਕ

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਛੱਤਛਾਇਆ ਹੇਠ

ਮੁਕਤੀ-ਪਰਬ ਸਮਾਗਮ

15 ਅਗਸਤ 2009 (ਸ਼ਨੀਵਾਰ)

ਸੰਤ ਨਿਰੰਕਾਰੀ ਅਧਿਆਤਮਿਕ ਸਥਲ,
ਜੀ.ਟੀ. ਕਰਨਾਲ ਰੋਡ, ਰਾਸ਼ਟਰੀ ਰਾਜਮਾਰਗ-1,
ਰੀਨੈਰ ਅਤੇ ਸਮਾਲਖਾ ਦੇ ਵਿਚਕਾਰ,
ਜ਼ਿਲਾ – ਸੋਨੀਪਤ (ਹਰਿਆਣਾ)

ਸਤਿਸੰਗ : ਸਵੇਰੇ 10 ਤੋਂ ਸ਼ਾਮ 4 ਵਜੇ
ਸਤਿਗੁਰੂ ਪ੍ਰਵਚਨ : ਸ਼ਾਮ 4 ਵਜੇ

ਵਿਸ਼ੇਸ਼ ਬੇਨਤੀ – ਦਿੱਲੀ, ਗ੍ਰੇਟਰ ਦਿੱਲੀ, ਕਰਨਾਲ, ਯਮੁਨਾ ਨਾਗਰ ਜ਼ੋਨ ਅਤੇ ਆਸ-ਪਾਸ ਦੀਆਂ ਸਾਰੀਆਂ ਸੰਗਤਾਂ ਇਸ ਮੁਕਤੀ-ਪੁਰਬ ਸਮਾਗਮ ਵਿਚ ਪੂਰੇ ਉਤਸ਼ਾਹ ਅਤੇ ਸਰਧਾ ਨਾਲ ਹਿੱਸਾ ਲੈਣਗੀਆਂ।

ਨੋਟ :- ਲੰਗਰ ਦੀ ਵਿਵਸਥਾ ਸਮਾਗਮ ਸਥਾਨ ਤੇ ਹੋਵੇਗੀ। ਜੋ ਸਵੇਰੇ 11-00 ਵਜੇ ਤੋਂ ਸ਼ੁਰੂ ਹੋ ਜਾਏਗੀ।

ਸੀ. ਐਲ. ਗੁਲਾਟੀ
ਸਕੱਤਰ, ਸੰਤ ਨਿਰੰਕਾਰੀ ਮੰਡਲ ਦਿੱਲੀ–9

62ਵਾਂ ਨਿਰੰਕਾਰੀ ਸੰਤ ਸਮਾਗਮ
14, 15 ਅਤੇ 16 ਨਵੰਬਰ ਨੂੰ

ਦਿੱਲੀ, 5 ਜੁਲਾਈ। ਸੰਤ ਨਿਰੰਕਾਰੀ ਸੰਤ ਸਮਾਗਮ ਇਸ ਸਾਲ 14, 15 ਅਤੇ 16 ਨਵੰਬਰ ਨੂੰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਪਾਵਨ ਛਤਰਛਾਇਆ ਹੇਠ ਅਯੋਜਿਤ ਕੀਤਾ ਜਾਏਗਾ। ਇਹ ਜਾਣਕਾਰੀ ਅੱਜ ਐਤਵਾਰ ਦੇ ਵਿਸ਼ੇਸ਼ ਸਤਿਸੰਗ ਸਮਾਰੋਹ ਵਿੱਚ ਸੰਤ ਨਿਰੰਕਾਰੀ ਮੰਡਲ ਦੇ ਕੇਂਦਰੀ ਯੋਜਨਾ ਅਤੇ ਸਲਾਹਕਾਰ ਬੋਰਡ ਦੇ ਵਾਈਸ-ਚੇਅਰਮੈਨ ਸ਼੍ਰੀ ਖੇਮਰਾਜ ਚੱਢਾ ਜੀ ਨੇ ਦਿੱਤੀ। ਸਮਾਗਮ ਦੀਆਂ ਤਰੀਕਾਂ ਦੀ ਘੋਸ਼ਣਾ ਦਾ ਤਾੜੀਆਂ ਵਜਾ ਕੇ ਸੁਆਗਤ ਕੀਤਾ ਗਿਆ।

ਖਿੱਚ ਦਾ ਕੇਂਦਰ ਰਹੀ ਨਿਰੰਕਾਰੀ ਪ੍ਰਦਰਸ਼ਨੀ

ਸੁਸ਼ੀਲ ਕੁਮਾਰ 'ਅੰਸ਼' (ਮੁਜੱਫ਼ਰ ਨਗਰ)

ਮੁਜੱਫ਼ਰ ਨਗਰ, 19 ਜੂਨ। ਜ਼ਿਲਾ ਖੇਤੀ-ਬਾੜੀ ਅਤੇ ਉਦਯੋਗਿਕ ਪ੍ਰਦਰਸ਼ਨੀ (ਉਲੱਾਸ-2009) ਵਿਚ ਵਿਸ਼ਵ-ਭਾਈਚਾਰੇ ਅਤੇ ਮਾਨਵਤਾ ਨੂੰ ਸਮਰਪਿਤ 'ਸੰਤ ਨਿਰੰਕਾਰੀ ਮਿਸ਼ਨ' ਵੱਲੋਂ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਅਸੀਮ ਕ੍ਰਿਪਾ ਅਤੇ ਪੂਜਯ ਮਾਤਾ ਜੀ ਦੇ ਪਾਵਨ ਅਸ਼ੀਰਵਾਦ ਨਾਲ ਲਗਾਈ ਗਈ ਨਿਰੰਕਾਰੀ ਪ੍ਰਦਰਸ਼ਨੀ ਵਿਸ਼ਵ-ਭਾਈਚਾਰੇ ਦਾ ਉਦਘਾਟਨ ਮੁੱਖਯਾਤਿਥੀ ਮੀਡੀਆ ਸੈਂਟਰ ਦੇ ਪ੍ਰਧਾਨ ਅਤੇ ਦੈਨਿਕ ਰਾਇਲ ਬੁਲੇਟਿਨ ਦੇ ਮੁੱਖ ਸੰਪਾਦਕ ਸ਼੍ਰੀ ਅਨਿਲ ਰਾਇਲ ਜੀ ਦੁਆਰਾ ਕੀਤਾ ਗਿਆ। ਇਸ ਅਵਸਰ ਤੇ ਉਨ੍ਹਾਂ ਦਾ ਸਵਾਗਤ ਬ੍ਰਾਂਚ ਪ੍ਰਮੁੱਖ ਸ਼੍ਰੀ ਹਰੀਸ਼ ਕੁਮਾਰ ਜੀ ਨੇ ਕੀਤਾ।

ਇਸ ਅਵਸਰ ਤੇ ਸ਼੍ਰੀ ਰਾਇਲ ਜੀ ਨੇ ਕਿਹਾ ਕਿ ਸੰਤ ਨਿਰੰਕਾਰੀ ਮਿਸ਼ਨ ਰਾਹੀਂ ਜੋ ਨਿਰੰਕਾਰੀ ਪ੍ਰਦਰਸ਼ਨੀ 'ਵਿਸ਼ਵ-ਭਾਈਚਾਰਾ' ਲਗਾਉਣ ਦਾ ਪਹਿਲਾਂ ਜਤਨ ਕੀਤਾ ਗਿਆ ਉਹ ਸਲਾਹੁਣਯੋਗ ਹੈ। ਵਰਤਮਾਨ ਭੌਤਿਕਵਾਦੀ ਯੁਗ ਵਿਚ ਅਧਿਆਤਮਿਕਤਾ ਰਾਹੀਂ ਹੀ ਮਾਨਵ ਨੂੰ ਮਾਨਵ ਨਾਲ ਜੋੜਿਆ ਜਾ ਸਕਦਾ ਹੈ।

ਬ੍ਰਾਂਚ ਪ੍ਰਮੁੱਖ ਸ਼੍ਰੀ ਹਰੀਸ਼ ਕੁਮਾਰ ਜੀ ਨੇ ਕਿਹਾ ਕਿ ਜਨਪਦ ਵਿਚ ਨਿਰੰਕਾਰੀ ਮਿਸ਼ਨ ਦੀ ਦਸ ਬ੍ਰਾਂਚਾਂ ਹਨ, ਜਿਨ੍ਹਾਂ ਵਿਚ ਹਜ਼ਾਰਾਂ ਮਹਾਂਪੁਰਸ਼ ਸਤਿਗੁਰੂ ਬਾਬਾ ਜੀ ਦੇ ਸੰਦੇਸ਼ ਨੂੰ ਜਨ-ਜਨ ਤਕ ਪਹੁੰਚਾਉਣ ਦਾ ਜਤਨ ਕਰ ਰਹੇ ਹਨ। ਆਪਨੇ ਕਿਹਾ ਕਿ ਮਿਸ਼ਨ ਦੇ ਦਿੱਲੀ ਮੁੱਖ ਦਫ਼ਤਰ ਤੋਂ ਪ੍ਰੈਸ ਅਤੇ ਜਨਸੰਪਰਕ ਵਿਭਾਗ ਦੇ ਮੈਂਬਰ ਇੰਚਾਰਜ਼ ਸ਼੍ਰੀ ਕ੍ਰਿਪਾ ਸਾਗਰ ਜੀ, ਸ਼੍ਰੀ ਹਰਭਜਨ ਸਿੰਘ (ਜੋਨਲ ਇੰਚਾਰਜ਼, ਮਸੂਰੀ ਅਤੇ ਸਹਾਰਨਪੁਰ), ਸ਼੍ਰੀ ਦੀਪਕ ਬੱਗਾ ਜੀ ਅਤੇ ਵਿਵੇਕ ਰਫ਼ੀਕ ਜੀ ਦੇ ਸਹਿਯੋਗ ਨਾਲ ਇਸ ਪ੍ਰਦਰਸ਼ਨੀ ਦਾ ਆਯੋਜਨ ਸੰਭਵ ਹੋ ਸਕਿਆ।

ਪ੍ਰਦਰਸ਼ਨੀ ਇੰਚਾਰਜ਼ ਸ਼੍ਰੀ ਸੱਤਪਾਲ ਸਿੰਘ ਨੇ ਕਿਹਾ ਕਿ ਜਨਪਦ ਵਿਚ ਪ੍ਰਦਰਸ਼ਨੀ ਆਯੋਜਿਤ ਕਰਨ ਦੀ ਸਾਡੀ ਇਹ ਪਹਿਲੀ ਕੋਸ਼ਿਸ਼ ਹੈ। ■

'ਜੋ ਬੱਚੇ ਸਤਿਸੰਗ ਨਾਲ ਜੁੜ ਜਾਂਦੇ ਹਨ ਉਹ ਭਾਗਸ਼ਾਲੀ ਹੁੰਦੇ ਹਨ'

ਅਮਰਾਵਤੀ (ਮਹਾਰਾਸ਼ਟਰ), 28 ਜੂਨ। ਸੰਤ ਨਿਰੰਕਾਰੀ ਮੰਡਲ ਦੀ ਅਮਰਾਵਤੀ ਬ੍ਰਾਂਚ ਦੁਆਰਾ ਅੱਜ ਇਥੇ ਸੰਸਕ੍ਰਿਤੀ ਭਵਨ ਦੇ ਹਾਲ ਵਿੱਚ ਸੁੰਦਰ ਬਾਲ ਸਮਾਗਮ ਸ੍ਰੀ ਸੁਲੇਖ 'ਸਾਥੀ' ਜੀ (ਸੰਪਾਦਕ, ਸੰਤ ਨਿਰੰਕਾਰੀ ਅਤੇ ਏਕ ਨਜ਼ਰ ਪੰਜਾਬੀ) ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ।

ਸ੍ਰੀ 'ਸਾਥੀ' ਜੀ ਨੇ ਕਿਹਾ ਕਿ ਜੋ ਬੱਚੇ ਸਤਿਸੰਗ ਨਾਲ ਜੁੜ ਜਾਂਦੇ ਹਨ ਉਹ ਭਾਗਸ਼ਾਲੀ ਹੁੰਦੇ ਹਨ ਵਰਨਾ ਅਸੀਂ ਸਮਾਜ ਵਿੱਚ ਵੇਖਦੇ ਹੀ ਹਾਂ ਕਿ ਭੌਤਿਕਤਾ ਦੀ ਦੌੜ ਵਿੱਚ ਲੱਗੇ ਲੋਕਾਂ ਦੇ ਕੋਲ ਤਾਂ ਸਤਿਸੰਗ ਲਈ ਸਮਾਂ ਹੀ ਨਹੀਂ ਹੈ। ਸਤਿਸੰਗ ਨਾਲ ਜਿਥੇ ਚੰਗੇ ਸੰਸਕਾਰ ਪ੍ਰਾਪਤ ਹੁੰਦੇ ਹਨ ਉਥੇ ਉਪਯੋਗੀ ਸਿਖਿਆ ਵੀ ਮਿਲਦੀ ਹੈ। ਇਹੀ ਕਾਰਣ ਹੈ ਕਿ ਨਿਰੰਕਾਰੀ ਮਿਸ਼ਨ ਦੁਆਰਾ ਬੱਚਿਆਂ ਨੂੰ ਨਿਰੰਤਰ ਸਤਿਸੰਗ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ।

ਸਮਾਗਮ ਵਿੱਚ ਬੱਚਿਆਂ ਨੇ ਵਿਭਿੰਨ ਭਾਸ਼ਾਵਾਂ ਦੇ ਮਾਧਿਅਮ ਨਾਲ ਕਲਾ ਅਤੇ ਭਗਤੀ ਦਾ ਗੁਲਦਸਤਾ ਸਜਾ ਕੇ 'ਵਿਸ਼ਵ ਭਾਈਚਾਰੇ' ਦਾ ਸੰਦੇਸ਼ ਦਿੱਤਾ। ਨਾਟਕ ਪੇਸ਼ਕਸ਼ - 'ਅੱਤਵਾਦ ਦੀ ਜੜ', ਵਿਕਰਮ-ਬੇਤਾਲ', 'ਸਭ ਤੋਂ ਵੱਡਾ ਡਾਕਟਰ' ਬੇਹੱਦ ਪ੍ਰਭਾਵਸ਼ਾਲੀ ਰਹੇ ਜਦਕਿ ਡਾਂਸ ਨਾਟਕਾਂ ਦੇ ਮਾਧਿਅਮ ਨਾਲ ਨੰਨੇ-ਮੁੰਨੇ ਬੱਚਿਆਂ ਨੇ ਸੋ੍ਸਠ ਪ੍ਰਦਰਸ਼ਨ ਕੀਤਾ।

ਅਮਰਾਵਤੀ ਦੇ ਇਲਾਵਾ ਵਰਧਾ, ਯਵਤਮਾਲ, ਮੁਰਤੀਜਾਪੁਰ ਅਤੇ ਬੜਨੇਰਾ ਦੇ ਬੱਚਿਆਂ ਨੇ ਹਿੱਸਾ ਲਿਆ। ਅਮਰਾਵਤੀ ਦੇ ਪ੍ਰਮੁੱਖ ਸ੍ਰੀ ਮਹੇਸ਼ ਪਿੰਜਾਨੀ ਨੇ ਸ੍ਰੀ ਸਾਥੀ ਜੀ ਦਾ ਸੁਆਗਤ ਕੀਤਾ। ਆਯੋਜਨ ਵਿੱਚ ਸੇਵਾਦਲ ਦੇ ਸੰਚਾਲਕ ਸ੍ਰੀ ਅਸ਼ੋਕ ਲਾਲ ਟਿੰਡਨਾਨੀ, ਦੀਪਕ ਧਾਮੇਚਾ, ਸ੍ਰੀ ਮੁਕੇਸ਼ ਕੁਮਾਰ ਅਤੇ ਸ੍ਰੀ ਮਹੇਸ਼ ਨਾਨਵਾਨੀ ਦਾ ਯੋਗਦਾਨ ਸਰਾਹੁਣਯੋਗ ਰਿਹਾ।

ਸਮਾਰੋਹ ਵਿੱਚ ਅਮਰਾਵਤੀ ਦੀ ਬਜ਼ੁਰਗ ਮਾਤਾ ਮਥੁਰਾ ਜੀ, ਸ੍ਰੀ ਸਾਥੀ ਦੀ ਧਰਮਪਤਨੀ ਸ੍ਰੀਮਤੀ ਚਰਨਜੀਤ ਕੌਰ ਅਤੇ ਏਕ ਨਜ਼ਰ ਹਿੰਦੀ ਦੇ ਸਹਿ ਸੰਪਾਦਕ ਸ੍ਰੀਰਾਮ ਪ੍ਰਜਾਪਤੀ ਵਿਸ਼ੇਸ਼ ਰੂਪ ਨਾਲ ਮੌਜੂਦ ਸਨ। ■

ਮਸੂਰੀ ਨਗਰ ਪਾਲਿਕਾ ਪਰੀਸ਼ਦ ਰਾਹੀਂ ਸਤਿਗੁਰੂ ਬਾਬਾ ਜੀ ਦਾ ਨਿੱਘਾ ਸਵਾਗਤ

ਮਸੂਰੀ, 29 ਜੂਨ। ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਅਤੇ ਪੂਜਯ ਮਾਤਾ ਸਵਿੰਦਰ ਜੀ ਦਾ ਅੱਜ ਮਸੂਰੀ ਨਗਰ ਪਾਲਿਕਾ ਪਰੀਸਦ ਰਾਹੀਂ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਤੇ ਹਾਜ਼ਰ ਪਤਵੰਤੇ ਸੱਜਣਾਂ ਨੇ ਦੈਵੀ ਜੋੜੀ ਨੂੰ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਅਤੇ ਨਿਰੰਕਾਰੀ ਮਿਸ਼ਨ ਰਾਹੀਂ ਮਸੂਰੀ ਵਿੱਚ ਮਾਨਵ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕੀਤੀ।

ਸਵਾਗਤ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਮਸੂਰੀ ਸੈਰਗਾਹ ਸਥਾਨ ਹੈ। ਸਥਾਨਕ ਪ੍ਰਸਾਸ਼ਨ ਦੇ ਨਾਲ ਮਿਸ਼ਨ ਵੀ ਇਥੇ ਵਿਕਾਸ ਲਈ ਸੋਚਦਾ ਹੈ ਕਿਉਂਕਿ ਇਹ ਅਪਨਾਪਨ ਹੈ। ਬਹੁਤ ਖੁਸ਼ੀ ਹੁੰਦੀ ਹੈ ਜਦ ਸਕਾਰਾਤਮਕ ਸੋਚ ਦੇ ਆਧਾਰ ਤੇ ਕਦਮ ਉਠਾਏ ਜਾਂਦੇ ਹਨ।

ਆਪ ਨੇ ਕਿਹਾ ਕਿ ਸੰਤ ਨਿਰੰਕਾਰੀ ਮਿਸ਼ਨ ਰਾਹੀਂ ਮਸੂਰੀ ਨੂੰ ਜੋ ਦੇਨ ਦਿੱਤੀ ਜਾ ਰਹੀ ਹੈ ਉਹ 'ਵਸੁਦੇਵ ਕੁਟੁੰਬਕਮ' ਦੀ ਧਾਰਣਾ ਤੇ ਆਧਾਰਤ ਹੈ। ਸਾਰੀ ਮਾਨਵ ਜਾਤੀ ਅਪਨਾ ਪਰਿਵਾਰ ਹੈ।

ਸਤਿਗੁਰੂ ਬਾਬਾ ਜੀ ਨੇ ਕਿਹਾ ਕਿ ਜੋ ਇਨਸਾਨੀਅਤ ਦਾ ਦਾਮਨ ਛੱਡ ਦੇਂਦਾ ਹੈ ਉਹ ਕੁਝ ਵੀ ਬਣ ਜਾਏ ਇਨਸਾਨ ਨਹੀਂ ਬਣ ਪਾਉਂਦਾ। ਇਸ ਲਈ ਕਿਹਾ ਗਿਆ ਹੈ ਕਿ ਪਹਿਲਾਂ ਇਨਸਾਨ ਬਣਨਾ ਜਰੂਰੀ ਹੈ।

ਸਵਾਗਤ ਸਮਾਰੋਹ ਵਿੱਚ ਮਸੂਰੀ ਨਗਰ ਪਾਲਿਕਾ ਦੇ ਪ੍ਰਧਾਨ ਸ੍ਰੀ ਓ. ਪੀ. ਉਨਿਆਲ ਨੇ ਸਤਿਗੁਰੂ ਬਾਬਾ ਜੀ ਅਤੇ ਪੂਜਯ ਮਾਤਾ ਜੀ ਦਾ ਸੁਆਗਤ ਕੀਤਾ। ਸ੍ਰੀ ਉਨਿਆਲ ਨੇ ਮਿਸ਼ਨ ਦੁਆਰਾ ਮਸੂਰੀ ਦੇ ਵਿਕਾਸ ਵਿੱਚ ਦਿੱਤੇ ਜਾ ਰਹੇ ਸਹਿਯੋਗ ਲਈ ਕ੍ਰਿਤੱਗਿਅਤਾ ਪ੍ਰਗਟ ਕੀਤੀ। ਸਮਾਰੋਹ ਨੂੰ ਮਸੂਰੀ ਦੇ ਜੋਨਲ ਇੰਚਾਰਜ ਸ੍ਰੀ ਹਰਭਜਨ ਸਿੰਘ ਨੇ ਵੀ ਸੰਬੋਧਿਤ ਕੀਤਾ। ਸਮਾਰੋਹ ਵਿੱਚ ਮਸੂਰੀ ਪ੍ਰੈਸ ਕਲੱਬ ਦੇ ਇੰਚਾਰਜ ਸ੍ਰੀ ਪ੍ਰਦੀਪ ਭੰਡਾਰੀ , ਕਰਮਚਾਰੀ ਸੰਘ ਦੇ ਪ੍ਰਧਾਨ ਸ੍ਰੀ ਰਾਣਾ, ਸ੍ਰੀਮਤੀ ਸੁਭਾਸ਼ਨੀ ਜੀ ਬਡਥਵਾਲ ਸਹਿਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ। (ਪੇਸ਼ਕਸ਼: **ਭਗਵਤ ਜੋਸ਼ੀ**) ■

ਕੁਲਵੰਤ ਕੌਰ ਜੀ ਦਾ ਸ਼ਰਧਾਂਜਲੀ ਸਮਾਰੋਹ

ਇਨਸਾਨੀ ਗੁਣਾਂ ਤਹਿਤ ਬਿਤਾਈ ਜ਼ਿੰਦਗੀ ਹੀ ਮਹੱਤਵਪੂਰਨ

– ਨਿਰੰਕਾਰੀ ਬਾਬਾ ਜੀ

ਪਟਿਆਲਾ, 25 ਜੂਨ 2009 ਇਨਸਾਨੀਅਤ ਭਰਪੂਰ ਗੁਣਾਂ ਤਹਿਤ ਬਿਤਾਈ ਜ਼ਿੰਦਗੀ ਹੀ ਮਹੱਤਵਪੂਰਣ ਹੁੰਦੀ ਹੈ। ਇਹ ਸ਼ਬਦ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਅੱਜ ਸਥਾਨਕ ਅਨਾਜ ਮੰਡੀ ਵਿਖੇ ਹੋਏ ਮਾਤਾ ਕੁਲਵੰਤ ਕੌਰ ਜੀ (ਧਰਮਪਤਨੀ ਬ੍ਰਹਮਲੀਨ ਭਾ. ਸਾ. ਅਮਰ ਸਿੰਘ ਜੀ) ਦੇ ਸ਼ਰਧਾਂਜਲੀ ਸਮਾਰੋਹ ਦੇ ਅਵਸਰ ਤੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਸ਼ਰਧਾਲੂਆਂ ਨੂੰ ਸੰਬੋਧਿਤ ਕਰਦੇ ਹੋਏ ਕਹੇ।

ਉਨ੍ਹਾਂ ਨੇ ਅੱਗੇ ਫਰਮਾਇਆ ਕਿ ਮਨੁੱਖੀ ਜੀਵਨ ਕਿਸ ਤਰ੍ਹਾਂ ਖਤਮ ਹੋਇਆ, ਇਹ ਸਵਾਲ ਨਹੀਂ ਹੈ, ਜੀਵਨ ਕਿਸ ਤਰ੍ਹਾਂ ਜੀਵਿਆ ਗਿਆ, ਮਹੱਤਤਾ ਇਸ ਗੱਲ ਦੀ ਹੈ। ਜੀਵਨ ਵਿਸ਼ਾਲਤਾ ਵਾਲਾ ਸੀ ਤਾਂ ਜਾਂ ਸੰਕੀਰਣਤਾ ਵਾਲਾ, ਸੁਭਾਵਾਂ ਵਿਚ ਮਧੁਰਤਾ ਸੀ ਜਾਂ ਤਲਖੀ ਰਹੀ, ਜ਼ਖ਼ਮ ਦਿੱਤੇ ਗਏ ਜਾਂ ਮਰਹੱਮ ਲਗਾਈ ਗਈ, ਹੰਝੂ ਦਿੱਤੇ ਗਏ ਜਾਂ ਮੁਸਕਰਾਹਟ ਦਿੱਤੀ ਗਈ। ਹਰ ਜੀਵਨ ਜੀਣ ਵਾਲੇ ਨੇ ਇਹ ਜ਼ਰੂਰੀ ਸੋਚਣਾ ਹੈ।

ਮਾਤਾ ਕੁਲਵੰਤ ਕੌਰ ਜੀ ਦੇ ਜੀਵਨ ਦਾ ਜ਼ਿਕਰ ਕਰਦੇ ਹੋਏ ਬਾਬਾ ਜੀ ਨੇ ਫਰਮਾਇਆ ਤੇ ਉਨ੍ਹਾਂ ਨੇ ਮਾਨਵਤਾ ਦੇ ਕਲਿਆਣ ਲਈ, ਪਿਆਰ ਦੀ ਭਾਵਨਾ ਨੂੰ ਵਧਾਉਣ ਲਈ ਅਤੇ ਸੰਸਾਰ ਵਿਚ ਫੈਲੀ ਅਗਿਆਨਤਾ ਨੂੰ ਦੂਰ ਕਰਨ ਵਿਚ ਭਰਪੂਰ ਯੋਗਦਾਨ ਪਾਇਆ। ਬਾਬਾ ਜੀ ਨੇ ਇਥੇ ਦੇ ਮਸ਼ਹੂਰ ਯਾਦਵਿੰਦਰਾ ਪਬਲਿਕ ਸਕੂਲ ਵਿਚ ਬਿਤਾਏ ਆਪਣੀ ਮੁੱਢਲੀ ਵਿਦਿਆ ਦੇ 6 ਸਾਲਾਂ ਦੇ ਸਮੇਂ ਬਾਰੇ ਯਾਦ ਕਰਦੇ ਹੋਏ ਫਰਮਾਇਆ ਕਿ ਪਿਤਾ ਅਮਰ ਸਿੰਘ ਜੀ ਅਤੇ ਮਾਤਾ ਕੁਲਵੰਤ ਕੌਰ (ਭਾਬੀ ਜੀ) ਦਾ ਉਨ੍ਹਾਂ ਨੂੰ ਭਰਪੂਰ ਸਤਿਕਾਰ ਅਤੇ ਪਿਆਰ ਮਿਲਿਆ। ਉਨ੍ਹਾਂ ਕਿਹਾ ਕਿ ਮਹਾਨ ਸ਼ਖਸ਼ੀਅਤਾਂ ਕੇਵਲ ਉਹ ਹੀ ਨਹੀਂ ਹੁੰਦੀਆਂ ਜਿਨ੍ਹਾਂ ਦੀਆਂ ਤਸਵੀਰਾਂ ਅੱਖਾਂ ਸਾਹਮਣੇ ਆਉਂਦੀਆਂ ਹਨ ਬਲਕਿ ਮਹਾਨ ਸ਼ਖਸ਼ੀਅਤਾਂ ਉਹ ਹੁੰਦੀਆਂ ਹਨ ਜੋ ਪਿਛੇ ਰਹਿ ਕੇ ਵੀ ਭਰਪੂਰ ਯੋਗਦਾਨ ਪਾ ਦਿੰਦੀਆਂ ਹਨ। ਮਾਤਾ ਕੁਲਵੰਤ ਕੌਰ ਜੀ ਉਨ੍ਹਾਂ ਵਿਚੋਂ ਇਕ ਸਨ।

ਇਸ ਮੌਕੇ ਤੇ ਨਿਰੰਕਾਰੀ ਮੰਡਲ ਦਿੱਲੀ, ਪੰਜਾਬ, ਹਰਿਆਣਾ ਅਤੇ ਚੰਡੀਗੜ ਤੋਂ ਆਈਆਂ ਵੱਖ-ਵੱਖ ਸ਼ਖਸ਼ੀਅਤਾਂ ਨੇ ਮਾਤਾ ਕੁਲਵੰਤ ਕੌਰ ਜੀ ਨੂੰ ਭਾਵ-ਪੂਰਨ ਸ਼ਰਧਾਂਜਲੀ ਭੇਂਟ ਕੀਤੀ। ਜੋਨਲ ਇੰਚਾਰਜ ਸ੍ਰੀ ਅਮਰਜੀਤ ਸਿੰਘ ਜੀ ਅਤੇ ਪ੍ਰਮੁੱਖ ਗੋਬਿੰਦ ਕੌਰ ਜੀ ਨੇ ਆਈਆਂ ਸੰਗਤਾਂ ਅਤੇ ਪ੍ਰਸ਼ਾਸਨਿਕ ਅਦਾਰਿਆਂ ਦਾ ਧੰਨਵਾਦ ਕੀਤਾ।

– ਜਸਪਾਲ ਮਹਿਤੋ ■

ਗੁਲਸ਼ਨ ਸਭਰਵਾਲ ਜੀ ਦਾ ਸ਼ਰਧਾਂਜਲੀ ਸਮਾਰੋਹ

ਗੁਲਸ਼ਨ ਜੀ ਇਕ ਪਰਿਪੱਕ ਸੰਤ ਸਨ

— ਜੋ. ਆਰ. ਡੀ. 'ਸਤਿਆਰਥੀ'

ਦਿੱਲੀ, 30 ਜੂਨ। ਹਿੰਦੀ ਦੇ ਸੀਨੀਅਰ ਕਵੀ ਸ੍ਰੀ ਗੁਲਸ਼ਨ ਲਾਲ ਜੀ ਸਭਰਵਾਲ ਨੂੰ ਅੱਜ ਸਥਾਨਕ ਤਿਲਕ ਨਗਰ ਸਥਿਤ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਭਾਵਪੂਰਣ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਹ 28 ਜੂਨ 2009 ਨੂੰ ਜਮਨਾ ਨਗਰ (ਹਰਿਆਣਾ) ਵਿਚ ਨਸ਼ਵਰ ਸ਼ਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ ਸਨ।

ਸ਼ਰਧਾਂਜਲੀ ਸਮਾਰੋਹ ਦੀ ਪ੍ਰਧਾਨਗੀ ਕਰਦੇ ਹੋਏ, ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ ਸ੍ਰੀ ਜੇ. ਆਰ. ਡੀ 'ਸਤਿਆਰਥੀ' ਜੀ ਨੇ ਉਨ੍ਹਾਂ ਦੇ ਮਾਨਵੀ ਗੁਣਾਂ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਕਿਹਾ ਕਿ 'ਗੁਲਸ਼ਨ' ਜੀ ਇਕ ਪਰਿਪੱਕ ਸੰਤ ਸਨ। ਉਨ੍ਹਾਂ ਨੇ ਜੀਵਨ ਭਰ ਭਗਤੀ ਦੀ ਖੁਸ਼ਬੂ ਜਨ-ਜਨ ਤਕ ਪਹੁੰਚਾਈ ਅਤੇ ਅਪਣੇ ਸਮਸਤ ਸੰਸਾਰਕ ਕਰਤੱਵਾਂ ਨੂੰ ਨਿਭਾਉਦੇ ਹੋਏ ਸਹਿਜ-ਸੰਤੁਲਿਤ ਜੀਵਨ ਜੀਆ।

ਇਸ ਅਵਸਰ ਤੇ ਇਕੱਠੇ ਹੋਏ ਉਨ੍ਹਾਂ ਦੇ ਪ੍ਰਸੰਸਕਾਂ ਦੇ ਸਾਹਮਣੇ ਉਨ੍ਹਾਂ ਵਿਅਕਤੀਤਵ ਦੇ ਅਨੇਕਾਂ ਪਹਿਲੂਆਂ ਤੇ ਚਰਚਾ ਕੀਤੀ ਗਈ।

ਸੰਤ ਨਿਰੰਕਾਰੀ ਮਿਸ਼ਨ ਦੇ ਨਾਲ 'ਗੁਲਸ਼ਨ' ਜੀ ਦਾ ਸੰਬੰਧ 1955 ਵਿਚ ਕਾਨਪੁਰ ਵਿਚ ਜੁੜਿਆ। ਦਿੱਲੀ ਵਿਚ ਆ ਕੇ ਵੀ ਪਟੇਲ ਨਗਰ ਵਿਚ ਸੰਗਤਾਂ ਵਿਚ ਡੂੰਘੀ ਰੁਚੀ ਲਈ ਅਤੇ ਕਾਵਿ ਲੇਖਨ ਅਤੇ ਵਾਚਨ ਵੀ ਨਿਰੰਤਰ ਚਲਦਾ ਰਿਹਾ। ਅਪਨੇ ਕਾਵਿ ਰਚਨਾ ਰਾਹੀਂ ਖੂਬ ਪ੍ਰਸੰਸਾ ਹਾਸਿਲ ਕੀਤੀ।

1985 ਵਿਚ ਆਪਨੂੰ ਸੰਤ ਨਿਰੰਕਾਰੀ ਸਕੂਲ ਪਹਾੜਗੰਜ ਦੀ ਮੈਨੇਜਿੰਗ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਬਾਦ ਵਿਚ ਆਪ ਸਕੂਲ ਦੇ ਮੈਨੇਜਰ ਬਣੇ ਅਤੇ ਫਿਰ ਚੇਅਰਮੈਨ। ਇਸ ਤਰ੍ਹਾਂ ਆਪਨੇ ਸਾਲ 2007 ਤਕ ਇਸ ਸਕੂਲ ਦੀ ਸੇਵਾ ਕੀਤੀ।

ਸਾਲ 2000 ਵਿਚ ਆਪ ਨੂੰ ਸੈਕਟਰ 20 ਦੇ ਪ੍ਰਮੁੱਖ (ਸੈਕਟਰ ਇੰਚਾਰਜ) ਦੀ ਸੇਵਾ ਦਿੱਤੀ ਗਈ। ਇਹ ਸੇਵਾ ਆਪ ਅੰਤਿਮ ਸਵਾਸਾਂ ਤਕ ਨਿਭਾਉਦੇ ਰਹੇ।

ਗੁਲਸ਼ਨ ਜੀ ਦੀਆਂ ਰਚਨਾਵਾਂ 'ਗੁਲਸ਼ਨ', 'ਕਾਵਿ ਵੀਣਾ' ਅਤੇ 'ਪਰਿਚਯ' ਨਾਮਕ ਪੁਸਤਕਾਂ ਵਿਚ ਪ੍ਰਕਾਸ਼ਿਤ ਹਨ।

ਗੁਲਸ਼ਨ ਸਭਰਵਾਲ ਜੀ ਬ੍ਰਹਮਲੀਨ ਸੰਤ ਭੁਪੇਦਰ 'ਬੇਕਲ' ਜੀ ਦੇ ਵੱਡੇ ਭਰਾ ਸਨ। ਉਨ੍ਹਾਂ ਪਰਿਵਾਰ ਵਿਚ ਪਤਨੀ ਸ਼੍ਰੀਮਤੀ ਉਸ਼ਾ ਸਭਰਵਾਲ ਅਤੇ ਬੱਚੇ ਨਿਰੰਤਰ ਮਿਸ਼ਨ ਨਾਲ ਜੁੜੇ ਹੋਏ ਹਨ।

ਸ਼ਰਧਾਂਜਲੀ ਸਮਾਰੋਹ ਵਿਚ ਇਕੱਠਾ ਹੋਇਆ ਮਾਨਵ ਪਰਿਵਾਰ ਇਸ ਗੱਲ ਦੀ ਗਵਾਹੀ ਦੇ ਰਿਹਾ ਸੀ ਕਿ ਪ੍ਰਬੰਧਕ ਰੂਪ ਵਿਚ ਵੀ ਸੇਵਾਵਾਂ ਦੇਦੇ ਰਹਿਣ ਦੇ ਬਾਵਜੂਦ ਉਨ੍ਹਾਂ ਨੇ ਅਧਿਆਤਮ ਨੂੰ ਅਪਣੀ ਦ੍ਰਿਸ਼ਟੀ ਤੋਂ ਓਹਲੇ ਨਹੀਂ ਕੀਤਾ ਸੀ।

– ਰਾਮ ਕੁਮਾਰ 'ਸੇਵਕ' ■

ਖ਼ਬਰਾਂ ਦੂਰ-ਦੇਸ਼ਾਂ ਤੋਂ

ਲੰਦਨ ਵਿੱਚ ਸ਼੍ਰੀ ਖੇਮਰਾਜ ਚੱਢਾ ਜੀ ਦਾ ਨਿੱਘਾ ਸੁਆਗਤ

ਲੰਦਨ (ਯੂ. ਕੇ.), ੪ ਜੁਲਾਈ। ਦੂਰ-ਦੇਸ਼ਾਂ ਦੀ ਪ੍ਰਚਾਰ ਯਾਤਰਾ ਤੇ ਆਏ ਸੰਤ ਨਿਰੰਕਾਰੀ ਮੰਡਲ ਦੇ ਕੇਂਦਰੀ ਸਲਾਹਕਾਰ ਬੋਰਡ ਦੇ ਵਾਇਸ-ਚੇਅਰਮੈਨ ਸ਼੍ਰੀ ਖੇਮਰਾਜ ਚੱਢਾ ਜੀ ਦਾ ਅੱਜ ਲੰਦਨ ਦੇ ਹੀਥਰੋ ਹਵਾਈ ਅੱਡੇ ਤੇ ਨਿੱਘਾ ਸੁਆਗਤ ਕੀਤਾ ਗਿਆ। ਹਵਾਈ ਅੱਡੇ ਤੇ ਸੰਤ ਨਿਰੰਕਾਰੀ ਮੰਡਲ, ਯੂ. ਕੇ. ਦੇ ਅਧਿਕਾਰੀਆਂ ਸਰਵਸ਼੍ਰੀ ਮਹੇਸ਼ਰ ਸਿੰਘ ਭੰਮਰਾ ਜੀ, ਤਰਸੇਮ ਲਾਲ ਜੀ, ਜੇ. ਐਸ. ਵਾਲੀਆ ਜੀ ਸਹਿਤ ਅਨੇਕ ਮਹਾਂਪੁਰਸ਼ ਮੌਜੂਦ ਸਨ। ਸ਼੍ਰੀ ਚੱਢਾ ਜੀ ਦੇ ਨਾਲ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਸੰਤੋਸ਼ ਚੱਢਾ ਜੀ ਵੀ ਆਏ ਸਨ।

(ਗਜਿੰਦਰ ਧਾਨੀ)

ਸ਼੍ਰੀ ਗੁਰਬਖ਼ਸ਼ ਸਿੰਘ 'ਰਾਜਕਵੀ' ਜੀ ਦੀ ਅਮਰੀਕਾ ਯਾਤਰਾ

ਅਨਾਰਬਰ (ਯੂ. ਐਸ. ਏ.)। ਸੰ. ਨਿ. ਮੰ. ਦੇ ਕੇਂਦਰੀ ਯੋਜਨਾ ਅਤੇ ਸਲਾਹਕਾਰ ਬੋਰਡ ਦੇ ਸੀਨੀਅਰ ਸ਼੍ਰੀ ਗੁਰਬਖਸ਼ ਸਿੰਘ 'ਰਾਜਕਵੀ' ਜੀ ਮਿਸ਼ੀਗਨ ਵਿੱਚ ਸ਼੍ਰੀ ਗੋਬਿੰਦ ਸਿੰਘ ਜੀ ਦੇ ਹੋਟਲ ਵਿੱਚ ਪਧਾਰੇ। ਉਥੇ ਅਮਰੀਕੀ ਮੂਲ ਦੇ ਵਿਅਕਤੀ ਉਹਨਾਂ ਨੂੰ ਮਿਲੇ। ਉਹ ਇਹਨਾਂ ਨੂੰ ਮਿਲ ਕੇ ਬਹੁਤ ਖੁਸ਼ ਅਤੇ ਪ੍ਰਭਾਵਿਤ ਹੋਏ।

ਸ਼੍ਰੀ ਰਾਜਕਵੀ ਜੀ ਨੇ ਕਿਹਾ ਕਿ- ਜਿਵੇਂ ਜਗਦੀ ਹੋਈ ਮੋਮਬੱਤੀ ਲੱਖਾਂ ਮੋਮਬੱਤੀਆਂ ਜਗਾ ਸਕਦੀ ਹੈ ਅਤੇ ਸਾਰਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਇਸੇ ਨਿਰਾਕਾਰ-ਪ੍ਰਭੂ ਨਾਲ ਪ੍ਰਕਾਸ਼ਿਤ ਆਤਮਾ ਲੱਖਾਂ ਆਤਮਾਵਾਂ ਨੂੰ ਪ੍ਰਭੂ ਗਿਆਨ ਨਾਲ ਪ੍ਰਕਾਸ਼ਿਤ ਕਰਕੇ ਮਨਾਂ ਵਿੱਚੋਂ ਹਨ੍ਹੇਰਾ ਦੂਰ ਕਰ ਦੇਂਦਾ ਹੈ। ਇਹ ਕੰਮ ਸੱਚਾ ਸਤਿਗੁਰੂ ਕਰਦਾ ਹੈ।

(ਪੇਸ਼ਕਸ਼ : ਗੋਬਿੰਦ ਸਿੰਘ)

ਪੈਨਕ੍ਰਿਜ ਕ੍ਰਿਕੇਟ ਕਲੱਬ ਦੇ ਮੈਬਰਾਂ ਦਾ ਸੁਆਗਤ

ਵੈਸਟ ਮਿਡਲੈਂਡ (ਯੂ. ਕੇ.)। 25 ਜੂਨ ਨੂੰ ਪੈਨਕ੍ਰਿਜ ਕ੍ਰਿਕੇਟ ਕਲੱਬ ਦੇ ਚੇਅਰਮੈਨ ਸ਼੍ਰੀ ਮਾਟਰਿਨ ਰਿਨੰਸ ਅਪਣੀ ਟੀਮ ਦੇ ਮੈਬਰਾਂ ਸਹਿਤ ਵੈਨਸਬਰੀ ਦੇ ਸਤਿਸੰਗ ਭਵਨ ਵਿੱਚ ਪਧਾਰੇ। ਇਸ ਮੌਕੇ ਤੇ ਸਰਾਹਾ ਹਸਲ ਜੋ (National Society for Prevention of cruelty to children) ਨੂੰ ਵੀ ਸੱਦਿਆ ਗਿਆ। ਉਹਨਾਂ ਨੂੰ ਦੋਨਾਂ ਸੰਸਥਾਵਾਂ ਵੱਲੋਂ 400 ਪੌਂਡ ਭੇਟ ਕੀਤੇ ਗਏ। ਉਹਨਾਂ ਨੇ ਬੜੀ ਸ਼ਰਧਾਪੂਰਵਕ ਅਤੇ ਧਿਆਨਪੂਰਵਕ ਸਤਿਸੰਗ ਸੁਣਿਆ ਅਤੇ ਨਿਰੰਕਾਰੀ ਮਿਸ਼ਨ ਦੀ ਭਰਪੂਰ ਪ੍ਰਸੰਸਾ ਕੀਤੀ। (ਪੇਸ਼ਕਸ਼ : ਗੁਰਪ੍ਰੀਤ ਭਾਟੀਆ)

ਪ੍ਰਕਾਸ਼ਨ ਰਾਹੀਂ ਮਿਸ਼ਨ ਦਾ ਪ੍ਰਚਾਰ-ਪ੍ਰਸਾਰ

ਅਨਾਰਬਰ (ਅਮਰੀਕਾ)। ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਦੀਆਂ ਬ੍ਰਾਂਚਾਂ ਵਿੱਚ ਮਿਸ਼ਨ ਦੇ ਸਾਹਿਤ ਨੂੰ ਤੇਜ਼ ਗਤੀ ਨਾਲ ਵਿੱਚ ਫੈਲਾਇਆ ਗਿਆ। ਸੰਤਾਂ ਨੇ ਭਿੰਨ-ਭਿੰਨ ਭਾਸ਼ਾਵਾਂ ਦੀ ਸੀ.ਡੀ. ਅਤੇ ਡੀ. ਵੀ. ਡੀ. ਖ੍ਰੀਦੀਂ। ਪਿਛਲੇ 11 ਮਹੀਨਿਆਂ ਵਿੱਚ 100 ਤੋਂ ਵਧੇਰੇ ਨਵੇਂ ਲੋਕਾਂ ਨੇ 'ਏਕ ਨਜ਼ਰ', 'ਹੰਸਤੀ ਦੁਨੀਆ' ਅਤੇ 'ਸੰਤ ਨਿਰੰਕਾਰੀ' ਪਤ੍ਰਕਾਵਾਂ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ। 15000 ਡਾਲਰ ਦਾ ਮਿਸ਼ਨਰੀ ਸਾਹਿਤ ਵਿਕਿਆ। ਤਿਉਹਾਰਾਂ ਦੇ ਮੌਕੇ ਤੇ ਮਿਸ਼ਨ ਦੇ ਪ੍ਰਕਾਸ਼ਨ ਦੇ ਸਟਾਲ ਲਗਾਏ ਗਏ। ਉਤਰੀ ਅਮਰੀਕਾ ਵਿੱਚ ਟੀ. ਵੀ. ਏਸ਼ੀਆ ਦੁਆਰਾ ਮਿਸ਼ਨ ਦੇ ਸੰਦੇਸ਼ਾਂ ਨੂੰ ਪ੍ਰਸਾਰਿਤ ਕੀਤਾ ਜਾਂਦਾ ਹੈ। ਹਰ ਸ਼ਨੀਵਾਰ ਸਵੇਰੇ 9 ਵਜੇ ਤੋਂ ਈ. ਐਸ. ਟੀ. ਰਾਹੀਂ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਦੇ ਪ੍ਰਵਚਨ ਪ੍ਰਸਾਰਿਤ ਕੀਤੇ ਜਾਂਦੇ ਹਨ। ਪੇਸ਼ਕਸ਼- ਸ਼੍ਰੀ ਗੋਬਿੰਦ ਸਿੰਘ

ਯੂ. ਕੇ. ਵਿੱਚ ਕਵੀ ਦਰਬਾਰ

ਲਿਸਟਰ ,(ਯੂ. ਕੇ.)। 20 ਜੂਨ ਨੂੰ ਸੰਤ ਨਿਰੰਕਾਰੀ ਮਿਸ਼ਨ ਦੀ ਬ੍ਰਾਂਚ ਲਿਸਟਰ (ਯੂ. ਕੇ.) ਅਤੇ 'ਗੀਤਾਂਜ਼ਲੀ ਮਲਟੀ - ਲਿੰਗਵਲ ਲਿਟ੍ਰੇਰੀ ਸਰਕਲ' ਨੇ ਮਿਲਕੇ ਇਕ ਕਵੀ ਦਰਬਾਰ ਦਾ ਆਯੋਜਨ ਕੀਤਾ। ਰਚਨਾਵਾਂ ਦਾ ਵਿਸ਼ਾ ਸੀ-

ਚੁਨ-ਚੁਨ ਕਰ ਨਫਰਤ ਕੇ ਕਾਂਟੇ, ਪਿਆਰ ਕੇ ਫੂਲ ਖਿਲਾਤੇ ਜਾਏਂ।

ਲਗਭਗ 15 ਕਵੀਆਂ ਨੇ ਉਰਦੂ, ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਕਵੀਆਂ ਰਾਹੀਂ ਆਪਣੇ ਸੁੰਦਰ ਵਿਚਾਰ ਰੱਖੇ। ਸ਼੍ਰੀ ਐਚ. ਐਸ. ਉਪਾਸਕ ਜੀ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ। — ਡਾ. ਬੇਬੀ ਸੁਰਾ

ਲੰਦਨ ਵਿੱਚ ਮਧੁਰ ਸੰਗੀਤ ਸਮਾਰੋਹ

ਲੰਦਨ (ਯੂ. ਕੇ.), 28 ਜੂਨ। ਲੰਦਨ ਸਥਿਤ ਸਤਿਸੰਗ ਭਵਨ ਵਿੱਚ ਰਾਸ਼ਟਰੀ ਸੰਗੀਤ ਸਮਾਰੋਹ ਆਯੋਜਿਤ ਕੀਤਾ ਗਿਆ, ਇਸ ਸਮਾਰੋਹ ਵਿੱਚ ਕਈ ਸੰਗੀਤ ਕੇਂਦਰਾਂ ਦੇ ਕਲਾਕਾਰਾਂ ਨੇ ਹਿੱਸਾ ਲਿਆ। ਆਕਸਫੋਰਡ ਦੇ ਅਮਰਜੀਤ ਦੌਧਰ ਜੀ ਅੰਡ ਪਾਰਟੀ, ਵੈਸਟ ਮਿਡਲੈਂਡ ਦੀ ਵਿਭਾਤੀ ਭਾਟੀਆ, ਲੰਦਨ ਦੇ ਸੁਦਰਸ਼ਨ ਅਈਯਰ, ਬੈਡਫੋਰਡ ਦੇ ਵਿਸ਼ਾਲ ਤੇਜ਼ੀ ਜੀ ਅੰਡ ਪਾਰਟੀ, ਪੁਸ਼ਪੇਦਰ ਸਿੰਧੂ ਜੀ ਅੰਡ ਪਾਰਟੀ (ਲੰਦਨ), ਲੰਦਨ ਦੀ ਰੇਨੂਕਾ ਝਾਲੀ, ਭਾਭਾ ਸਿਸਟਰਜ਼ ਜਸ ਸਹਿਬਤ ਸੁਮਿਤ ਸਿਦਲ ਅੰਡ ਪਾਰਟੀ ਨੇ ਮਧੁਰ ਸੰਗੀਤ ਪੇਸ਼ ਕੀਤਾ। ਸਮਾਰੋਹ ਦੀ ਪ੍ਰਧਾਨਗੀ ਪ੍ਰੋਫੈਸਰ ਦੇਵਰਾਜ ਜੀ ਨੇ ਕੀਤੀ। (ਪੇਸ਼ਕਸ਼ : ਰੌਲ ਕਮਲ)

ਸੰਤ ਨਿਰੰਕਾਰੀ ਮਿਸ਼ਨ ਦੇ ਯੋਜਨਾ ਅਤੇ ਸਲਾਹਕਾਰ ਬੋਰਡ ਦੇ ਵਾਇਸ-ਚੇਅਰਮੈਨ ਸ਼੍ਰੀ ਖੇਮਰਾਜ ਚੱਢਾ ਜੀ ਦਾ ਇੰਗਲੈਂਡ ਪਹੁੰਚਣ ਤੇ ਸਵਾਗਤ ਕਰਦੇ ਹੋਏ ਉਥੋਂ ਦੇ ਪ੍ਰਬੰਧਕ ਮਹਾਤਮਾ

ਸੰਤ ਨਿਰੰਕਾਰੀ ਮਿਸ਼ਨ (ਇੰਗਲੈਂਡ) ਰਾਹੀਂ ਆਯੋਜਿਤ ਵੱਖ-ਵੱਖ ਧਰਮਾਂ ਦੇ ਸੰਮੇਲਨ ਵਿਚ ਹਿੱਸਾ ਲੈ ਰਹੇ ਅਨੇਕਾਂ ਧਰਮਾਂ ਦੇ ਪ੍ਰਤੀਨਿਧੀ

ਵਿਸ਼ਵ ਖ਼ੂਨਦਾਨ ਦਿਵਸ ਤੇ ਖ਼ੂਨਦਾਨ ਮੁਹਿੰਮ ਵਿਚ ਵਿਸ਼ੇਸ਼ ਯੋਗਦਾਨ ਹਿਤ ਸ਼੍ਰੀ ਦੇਵਰਾਜ ਜੀ ਬਜਾਜ (ਉਪ-ਪ੍ਰਧਾਨ-ਸੰਤ ਨਿਰੰਕਾਰੀ ਮੰਡਲ) ਨੂੰ ਸਨਮਾਨਿਤ ਕਰਦੇ ਹੋਏ ਕਰਨਾਟਕ ਦੇ ਸਾਬਕਾ ਰਾਜਪਾਲ ਸ਼੍ਰੀ ਰਾਮੇਸ਼ਵਰ ਠਾਕੁਰ

Registered with the Registrar of Newspaper
For India Under RNI Number 961/57

Delhi Postal Regd. No. DL(N)01/0134/09-11
Licence Number U(DN) 18/2009-11
Licenced to Post Without Pre Payment

ਪਟਿਆਲਾ (ਪੰਜਾਬ) ਵਿਖੇ ਮਾਤਾ ਕੁਲਵੰਤ ਕੌਰ ਜੀ (ਧਰਮਪਤਨੀ ਬ੍ਰਹਮਲੀਨ ਮਹਾਤਮਾ ਅਮਰ ਸਿੰਘ ਜੀ) ਦੇ ਸ਼ਰਧਾਂਜ਼ਲੀ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਬਾਬਾ ਜੀ, ਨਾਲ ਬਿਰਾਜਮਾਨ ਹਨ ਨਿਰੰਕਾਰੀ ਰਾਜਮਾਤਾ ਜੀ ਅਤੇ ਪ੍ਰਜਪ ਮਾਤਾ ਜੀ

ਨਗਰ ਪਾਲਿਕਾ ਪਰੀਸਦ (ਮਸੂਰੀ) ਰਾਹੀਂ ਸਤਿਗੁਰੂ ਬਾਬਾ ਜੀ ਅਤੇ ਪ੍ਰਜਪ ਮਾਤਾ ਜੀ ਦੇ ਸਵਾਗਤ ਸਮਾਰੋਹ ਦਾ ਇਕ ਦ੍ਰਿਸ਼

ਆਸਟ੍ਰੇਲੀਆ ਵਿਖੇ ਸੰਤ ਨਿਰੰਕਾਰੀ ਮਿਸ਼ਨ ਰਾਹੀਂ ਚਲਾਈ ਜਾ ਰਹੀ ਖ਼ੂਨਦਾਨ ਮੁਹਿੰਮ ਲਈ ਸਨਮਾਨ ਪ੍ਰਾਪਤ ਕਰਦੇ ਹੋਏ ਸਥਾਨਕ ਪ੍ਰਬੰਧਕ ਮਹਾਤਮਾ

Posted at IMBC/1
Prescribed Dates 1st & 2nd Same month
Dates of Publication : 27th & 28th
Advance Month